# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 24.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8


## ਵੱਡਾ ਹਾਦਸਾ ਟਲਿਆ, ਕੇਦਾਰਨਾਥ 'ਚ ਹੈਲੀਕਾਪਟਰ ਦੀ ਕੀਤੀ ਗਈ ਐਮਜਰੈਂਸੀ ਲੈਂਡਿੰਗ



ਕੇਦਾਰਨਾਥ 'ਚ ਇਕ ਨਿੱਜੀ ਕੰਪਨੀ ਦੇ ਹੈਲੀਕਾਪਟਰ ਨੂੰ ਤਕਨੀਕੀ ਗੜਬੜੀ ਕਾਰਨ ਐਮਰਜੈਂਸੀ ਸਥਿਤੀ 'ਚ ਹੈਲੀਪੈਡ ਤੋਂ ਕੁਝ ਹੀ ਮੀਟਰ ਦੀ ਦੂਰੀ 'ਤੇ ਉਤਾਰਨਾ ਪਿਆ। ਹੈਲੀਕਾਪਟਰ 'ਚ 6 ਸ਼ਰਧਾਲੂਆਂ ਸਮੇਤ 7 ਲੋਕ ਸਵਾਰ ਸਨ ਅਤੇ ਸਾਰੇ ਸੁਰੱਖਿਅਤ ਹਨ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ ਉਨ੍ਹਾਂ ਦੱਸਿਆ ਕਿ ਹੈਲੀਕਾਪਟਰ 'ਚ ਸਵਾਰ ਪਾਇਲਟ ਐਤ ਸਾਰੇ ਸ਼ਰਧਾਲੂ ਸੁਰੱਖਿਅਤ ਹਨ ਅਤੇ ਸ਼ਰਧਾਲੂਆਂ ਨੂੰ ਭਗਵਾਨ ਕੇਦਾਰਨਾਥ ਦੇ ਦਰਸ਼ਨ ਕਰਵਾ ਦਿੱਤੇ ਗਏ ਹਨ। ਰੁਦਰਪ੍ਰਯਾਗ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ, ਘਟਨਾ ਸਵੇਰੇ 7 ਵਜੇ ਦੀ ਹੈ, ਜਦੋਂ ਕ੍ਰਿਸਟਲ ਏਵੀਏਸ਼ਨ ਕੰਪਨੀ ਦੇ ਹੈਲੀਕਾਪਟਰ ਨੇ ਗੁਪਤਕਾਸ਼ੀ ਅਤੇ ਸੋਨਪ੍ਰਯਾਗ ਵਿਚਾਲੇ ਸ਼ੇਰਸੀ ਹੈਲੀਪੈਡ ਤੋਂ ਕੇਦਾਰਨਾਥ ਲਈ ਉਡਾਣ ਭਰੀ। ਪ੍ਰਸ਼ਾਸਨ ਵਲੋਂ ਦੱਸਿਆ ਗਿਆ ਕਿ ਇਸੇ ਵਿਚ ਤਕਨੀਕੀ ਗੜਬੜੀ ਦੀ ਜਾਣਕਾਰੀ ਮਿਲਦੇ ਹੀ ਪਾਇਲਟ ਨੇ ਹੈਲੀਕਾਪਟਰ ਨੂੰ ਕੇਦਾਰਨਾਥ ਹੈਲੀਪੈਡ ਤੋਂ ਕੁਝ ਦੂਰੀ 'ਤੇ ਐਮਰਜੈਂਸੀ ਸਥਿਤੀ 'ਚ ਉਤਾਰਿਆ। ਰੁਦਰਪ੍ਰਯਾਗ ਦੇ ਜ਼ਿਲ੍ਹਾ ਅਧਿਕਾਰੀ ਸੌਰਭ ਗਹਿਰਵਾਰ ਨੇ ਕਿਹਾ ਕਿ ਪਾਇਲਟ ਦੀ ਸਮਝਦਾਰੀ ਕਾਰਨ ਇਕ ਵੱਡਾ ਹਾਦਸਾ ਟਲ ਗਿਆ। ਉਨ੍ਹਾਂ ਕਿਹਾ ਕਿ ਤਕਨੀਕੀ ਗੜਬੜੀ ਦੀ ਜਾਣਕਾਰੀ ਮਿਲਣ ਤੋਂ ਬਾਅਦ ਪਾਇਲਟ ਨੇ ਆਪਣਾ ਸਬਰ ਨਹੀਂ ਗੁਆਇਆ ਅਤੇ ਹੈਲੀਕਾਪਟਰ ਨੂੰ ਐਮਰਜੈਂਸੀ ਸਥਿਤੀ 'ਚ ਸੁਰੱਖਿਅਤ ਉਤਾਰਿਆ। ਜ਼ਿਲ੍ਹਾ ਅਧਿਕਾਰੀ ਨੇ ਕਿਹਾ ਕਿ ਸਾਰੇ ਤੀਰਥ ਯਾਤਰੀ ਸੁਰੱਖਿਅਤ ਹਨ ਅਤੇ ਸਾਰਿਆਂ ਨੂੰ ਬਾਬਾ ਕੇਦਾਰਨਾਥ ਦੇ ਦਰਸ਼ਨ ਕਰਵਾ ਦਿੱਤੇ ਗਏ ਹਨ। ਗਹਿਰਵਾਰ ਨੇ ਕਿਹਾ ਕਿ ਹੈਲੀਕਾਪਟਰ 'ਚ ਆਈ ਤਕਨੀਕੀ ਖ਼ਰਾਬੀ ਦੀ ਜਾਂਚ ਕਰਵਾਈ ਜਾ ਰਹੀ ਹੈ।

## ਹਿਮਾਚਲ 'ਚ ਰੈਲੀ ਦੌਰਾਨ PM ਮੋਦੀ ਨੇ ਕਾਂਗਰਸ 'ਤੇ ਵਿੰਨ੍ਹਿਆ ਨਿਸ਼ਾਨਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ ਕਾਂਗਰਸ 'ਤੇ ਹਿਮਾਚਲ ਪ੍ਰਦੇਸ਼ ਦੇ ਨੌਜਵਾਨਾਂ ਦੇ ਨੌਜਵਾਨਾਂ ਨੂੰ ਇਕ ਲੱਖ ਨੌਕਰੀਆਂ ਦੇਣ ਦੇ ਆਪਣੇ ਵਾਅਦੇ ਨੂੰ ਪੂਰਾ ਨਹੀਂ ਕਰਨ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਪਾਰਟੀ ਦੀ 'ਤਾਲਾਬਾਜ਼ ਸਰਕਾਰ' ਨੇ ਰਾਜ ਕਰਮਚਾਰੀ ਚੋਣ ਕਮਿਸ਼ਨ 'ਤੇ ਤਾਲਾ ਲਗਾ ਦਿੱਤਾ ਹੈ। ਸ਼ਿਮਲਾ ਲੋਕ ਸਭਾ ਸੀਟ ਤੋਂ ਭਾਜਪਾ ਉਮੀਦਵਾਰ ਸੁਰੇਸ਼ ਕਸ਼ਯਪ ਦੇ ਸਮਰਥਨ 'ਚ ਸਿਰਮੌਰ ਜ਼ਿਲ੍ਹੇ ਦੇ ਨਾਹਨ 'ਚ ਇਕ ਵਿਜੇ ਸੰਕਲਪ ਰੈਲੀ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਕਾਂਗਰਸ ਅਤੇ ਉਸ ਦੇ ਸਹਿਯੋਗੀ 'ਫਿਰਕਾਪ੍ਰਸਤੀ, ਜਾਤੀਵਾਦੀ ਅਤੇ ਪਰਿਵਾਰਵਾਦੀ' ਹਨ। ਉਨ੍ਹਾਂ ਕਿਹਾ,''ਮੇਰੇ ਲਈ ਨਾ ਤਾਂ ਨਾਹਨ ਨਵਾਂ ਹੈ ਅਤੇ ਨਾ ਹੀ ਸਿਰਮੌਰ ਪਰ ਮੈਨੂੰ ਕਹਿਣਾ ਪਵੇਗਾ ਕਿ ਅੱਜ ਦਾ ਮਾਹੌਲ ਨਵਾਂ ਹੈ, ਕਿਉਂਕਿ ਮੈਂ ਨਾਹਨ 'ਚ ਅਜਿਹੀ ਇਤਿਹਾਸਕ ਰੈਲੀ ਨਹੀਂ ਦੇਖੀ।'' ਪੀ.ਐੱਮ. ਮੋਦੀ ਨੇ ਕਿਹਾ,''ਮੈਂ ਇੱਥੇ ਆਪਣੇ ਜਾਂ ਆਪਣੇ ਪਰਿਵਾਰ ਲਈ ਨਹੀਂ ਸਗੋਂ ਇਕ ਵਿਕਸਿਤ ਰਾਸ਼ਟਰ ਲਈ, ਭਾਜਪਾ ਦੇ ਤੀਜੇ ਕਾਰਜਕਾਲ ਲਈ ਤੁਹਾਡਾ ਆਸ਼ੀਰਵਾਦ ਲੈਣ ਆਇਆ ਹਾਂ।'' ਉਨ੍ਹਾਂ ਕਿਹਾ ਕਿ ਸਰਹੱਦ ਪਾਰ ਰਹਿਣ ਵਾਲੇ ਹਿਮਾਚਲ ਪ੍ਰਦੇਸ਼ ਦੇ ਲੋਕ ਇਕ ਮਜ਼ਬੂਤ ਦੇਸ਼ ਦੀ ਕੀਮਤ ਜਾਣਦੇ ਹਨ। ਹਿਮਾਚਲ ਪ੍ਰਦੇਸ਼ ਕਰਮਚਾਰੀ ਚੋਣ ਕਮਿਸ਼ਨ (ਐੱਚਪੀਐੱਸਐੱਸਸੀ) ਨੂੰ ਭੰਗ ਕਰਨ ਨੂੰ ਲੈ ਕੇ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਮੋਦੀ ਨੇ ਕਿਹਾ ਕਿ ਨੌਜਵਾਨਾਂ ਨੂੰ ਇਕ ਲੱਖ ਨੌਕਰੀਆਂ ਦੇਣਾ ਤਾਂ ਦੂਰ ਦੀ ਗੱਲ ਹੈ, ਕਾਂਗਰਸ ਦੀ 'ਤਾਲਾਬਾਜ਼ ਸਰਕਾਰ' ਨੇ ਭਰਤੀ ਕਮਿਸ਼ਨ 'ਤੇ ਤਾਲਾ ਲਗਾ ਦਿੱਤਾ ਹੈ।

## AirIndia ਦੇ ਮੁਲਾਜ਼ਮਾਂ ਲਈ ਖੁਸ਼ਖ਼ਬਰੀ, ਤਨਖਾਹ ਚ ਵਾਧੇ ਨਾਲ ਬੋਨਸ ਦੇਣ ਦਾ ਐਲਾਨ

ਏਅਰ ਇੰਡੀਆ ਦੇ ਕਰਮਚਾਰੀਆਂ ਲਈ ਖੁਸ਼ਖਬਰੀ ਹੈ। ਟਾਟਾ ਗਰੁੱਪ ਵੱਲੋਂ ਏਅਰ ਇੰਡੀਆ ਨੂੰ ਸੰਭਾਲਣ ਦੇ ਦੋ ਸਾਲ ਬਾਅਦ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਇਹ ਪਹਿਲਾ ਵਾਧਾ ਹੈ। ਇਸ ਤੋਂ ਇਲਾਵਾ ਏਅਰਲਾਈਨ ਨੇ ਪਾਇਲਟਾਂ ਲਈ ਸਾਲਾਨਾ ਟਾਰਗੇਟ ਪਰਫਾਰਮੈਂਸ ਬੋਨਸ (ਬੋਨਸ) ਦੀ ਪ੍ਰਣਾਲੀ ਵੀ ਸ਼ੁਰੂ ਕੀਤੀ ਹੈ। ਏਅਰ ਇੰਡੀਆ ਨਾਲ ਜੁੜੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਤਨਖਾਹ ਵਧਾਉਣ ਦਾ ਫੈਸਲਾ 1 ਅਪ੍ਰੈਲ 2024 ਤੋਂ ਲਾਗੂ ਹੋਵੇਗਾ। ਜਦੋਂ ਕਿ ਵਿੱਤੀ ਸਾਲ 2023-24 ਵਿੱਚ ਵੀ ਕਰਮਚਾਰੀਆਂ ਨੂੰ ਕਾਰਗੁਜ਼ਾਰੀ ਦੇ ਆਧਾਰ 'ਤੇ ਬੋਨਸ ਦਿੱਤਾ ਜਾ ਰਿਹਾ ਹੈ।ਸੂਤਰਾਂ ਮੁਤਾਬਕ ਏਅਰ ਇੰਡੀਆ ਦੇ ਚੀਫ ਹਿਊਮਨ ਰਿਸੋਰਸਜ਼ ਅਫਸਰ ਰਵਿੰਦਰ ਕੁਮਾਰ ਜੀਪੀ ਨੇ ਕਰਮਚਾਰੀਆਂ ਨੂੰ ਤਨਖਾਹ ਵਾਧੇ ਅਤੇ ਪ੍ਰਦਰਸ਼ਨ ਬੋਨਸ ਦਾ ਐਲਾਨ ਕੀਤਾ ਹੈ। ਏਅਰਲਾਈਨ ਨਾਲ ਕਰੀਬ 18,000 ਕਰਮਚਾਰੀ ਜੁੜੇ ਹੋਏ ਹਨ।



# PM ਮੋਦੀ ਦਾ ਵਿਰੋਧ ਕਰਨ ਪੁੱਜੇ ਕਿਸਾਨਾਂ ਨੂੰ ਪੁਲਸ ਨੇ ਰੋਕਿਆ, ਨਕੋਦਰ-ਜਲੰਧਰ ਹਾਈਵੇਅ ਕੀਤਾ ਬੰਦ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਗੁਰਦਾਸਪੁਰ ਅਤੇ ਜਲੰਧਰ ਵਿਚ ਰੈਲੀ ਨੂੰ ਸੰਬੋਧਨ ਕਰਨ ਵਾਲੇ ਹਨ। ਜਲੰਧਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੇਰੀ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਵੱਲੋਂ ਪਿੰਡ ਆਹਲੋਵਾਲ ਨੇੜੇ ਪਹੁੰਚ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਕਿਸਾਨਾਂ ਨੂੰ ਭਾਰੀ ਪੁਲਸ ਫੋਰਸ ਵੱਲੋਂ ਰੋਕਿਆ ਗਿਆ ਅਤੇ ਕਿਸਾਨਾਂ ਨੇ ਭਾਜਪਾ ਦਾ ਵਿਰੋਧ ਕੀਤਾ। ਉਨ੍ਹਾਂ ਧਰਨਾ ਦਿੰਦੇ ਹੋਏ ਕਿਹਾ ਕਿ ਉਹ ਪ੍ਰਧਾਨ ਮੰਤਰੀ ਖ਼ਿਲਾਫ਼ ਰੋਸ ਮਾਰਚ ਕਰਨਗੇ।ਇਸ ਦੌਰਾਨ ਕਿਸਾਨਾਂ ਵੱਲੋਂ ਨਕੋਦਰ ਜਲੰਧਰ ਹਾਈਵੇਅ ਬੰਦ ਕਰਕੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਾ ਹੈ। ਉਥੇ ਹੀ ਆਉਣ-ਜਾਣ ਵਾਲੇ ਲੋਕਾਂ ਨੂੰ ਬੇਹੱਦ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਕੇ ਉਤੇ ਜਲੰਧਰ ਦਿਹਾਤੀ ਦੇ ਐੱਸ. ਪੀ. ਮਨਪ੍ਰੀਤ ਸਿੰਘ ਢਿੱਲੋਂ ਸਮੇਤ ਭਾਰੀ ਗਿਣਤੀ ਵਿਚ ਪੁਲਸ ਪਹੁੰਚੀ ਹੋਈ ਹੈ, ਜਿਨ੍ਹਾਂ ਵੱਲੋਂ ਕਿਸਾਨਾਂ ਨੂੰ ਸ਼ਾਂਤ ਕੀਤਾ ਜਾ ਰਿਹਾ ਹੈ।

# ਨਗਰ ਨਿਗਮ ਅਫ਼ਸਰਾਂ ਨੇ ਦਿਖਾਇਆ ਠੇਂਗਾ, 15 ਦਿਨ ਬਾਅਦ ਵੀ ਨਹੀਂ ਹਟਾਏ NHAI ਦੇ ਏਰੀਆ ’ਚ ਲੱਗੇ ਯੂਨੀਪੋਲ

NHAI ਵੱਲੋਂ ਐਲੀਵੇਟਿਡ ਰੋਡ ਦੇ ਏਰੀਆ ’ਚ ਇਸ਼ਤਿਹਾਰਬਾਜ਼ੀ ਦੀ ਮਨਜ਼ੂਰੀ ਨਾ ਦੇਣ ਤੋਂ ਬਾਅਦ ਹੁਣ ਉਸ ਦੇ ਏਰੀਆ ’ਚ ਬਾਕੀ ਜਗ੍ਹਾ ਲੱਗੇ ਯੂਨੀਪੋਲ ਹਟਾਉਣ ਦਾ ਫੈਸਲਾ ਲੈਣ ਲਈ ਮਨਿਸਟਰੀ ਆਫ ਰੋਡ ਟਰਾਂਸਫਰ ਦੀ 2016 ’ਚ ਜਾਰੀ ਗਾਈਡਲਾਈਨਜ਼ ਦਾ ਹਵਾਲਾ ਦਿੱਤਾ ਗਿਆ ਹੈ। ਜਿਸ ਦੇ ਮੁਤਾਬਕ NHAI ’ਤੇ ਇਸ਼ਤਿਹਾਰਬਾਜ਼ੀ ਲਗਾਉਣ ਨਾਲ ਰਾਹਗੀਰਾਂ ਦਾ ਧਿਆਨ ਭਟਕਣ ਦੀ ਹਾਲਤ ’ਚ ਹਾਦਸਾ ਹੋਣ ਦਾ ਖਤਰਾ ਹੈ, ਜਿਸ ਦੇ ਮੱਦੇਨਜ਼ਰ ਰੋਡ ਸੇਫਟੀ ਲਈ ਇਸ਼ਤਿਹਾਰਬਾਜ਼ੀ ਦੀ ਮਨਜ਼ੂਰੀ ਨਹੀਂ ਦਿੱਤੀ ਜਾ ਸਕਦੀ ਹੈ।



भारतीय राष्ट्रीय राजमार्ग प्राधिकरण
National Highways Authority Of India
(Ministry of Road Transport and Highways, Govt. of India)
Project Implementation Unit-Ludhiana
At KmT+500 on Laddowal Bypass, Vill. Jainpur, Ludhiana-142027
Phone:0161-6767698

No. 300/2/2020/NHAI/PIU/LDH/163[illegible] [illegible].05.2024

To,
The Commissioner
Municipal Corporation,
Ludhiana

Sub: 4-Laning of (Partial Access Controlled) Laddowal Bypass from Km. 0.000 to KM. 17.041 linking NH-95 with NH-1 via Laddowal Seed Farm at Ludhiana in the State of Punjab on Hybrid Annuity Mode - Removal of Advertisement hoardings/boards from National Highway within the Right of way-reg.

Ref: This office letter no. 400/1/2018/NHAI/PD/LDH/12093 dated 23.02.2023.

Sir,

With reference to the above captioned subject matter, it is informed that as per MoRTH Circular No.RW/NH-33044/35/2001/S&R(R) dated 16.05.2002 and RW/NH-33044/18/2016/S&R(R) dated 07.09.2016, wherein it has been mentioned that no advertisement hoardings are permitted on National Highways within the Right of Way, which cause distraction and also is one of the cause of accidents of on NHs.

2. Therefore, it is requested to remove all the advertisement hoardings/boards from NH ROW under your jurisdiction within 07 days please.

Yours Sincerely,
(Navratan)
Project Director

Copy to:
1. M/s Feedback Infra Pvt. Ltd. in association with PK Engineers.
2. M/s Eagle Infra Pvt. Ltd.
For information and necessary action.

Head Office: G-5/6, Sector-10, Dwarka, New Delhi - 110075
प्रधान कार्यालय: जी–5 एवं 6, सेक्टर–10 द्वारका, नई दिल्ली–110075



To,
The Commissioner
Municipal Corporation,
Ludhiana

Sub: 4-Laning of (Partial Access Controlled) Laddowal Bypass from Km. 0.000 to KM. 17.041 linking NH-95 with NH-1 via Laddowal Seed Farm at Ludhiana in the State of Punjab on Hybrid Annuity Mode - Removal of Advertisement hoardings/boards from National Highway within the Right of way-reg.

Ref: This office letter no. 400/1/2018/NHAI/PD/LDH/12093 dated 23.02.2023.

Sir,

With reference to the above captioned subject matter, it is informed that as per MoRTH Circular No.RW/NH-33044/35/2001/S&R(R) dated 16.05.2002 and RW/NH-33044/18/2016/S&R(R) dated 07.09.2016, wherein it has been mentioned that no advertisement hoardings are permitted on National Highways within the Right of Way, which cause distraction and also is one of the cause of accidents of on NHs.

2. Therefore, it is requested to remove all the advertisement hoardings/boards from NH ROW under your jurisdiction within 07 days please.

Yours Sincerely,
(Navratan)
Project Director

Copy to:
1. M/s Feedback Infra Pvt. Ltd. in association with PK Engineers.
2. M/s Eagle Infra Pvt. Ltd.
For information and necessary action.

Head Office: G-5/6, Sector-10, Dwarka, New Delhi - 110075

ਨਗਰ ਨਿਗਮ ਅਫ਼ਸਰਾਂ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੇ ਨਿਯਮਾਂ ਦੀ ਕੋਈ ਪ੍ਰਵਾਹੀ ਨਹੀਂ ਹੈ, ਜਿਸ ਦਾ ਸਬੂਤ ਇਨ੍ਹਾਂ ਦਿਨਾਂ ਸ਼ਹਿਰ ’ਚੋਂ ਹੋ ਕੇ ਗੁਜ਼ਰ ਰਹੇ NHAI ਦੇ ਏਰੀਆ ’ਚ ਦੇਖਣ ਨੂੰ ਮਿਲ ਰਿਹਾ ਹੈ। ਜਿੱਥੇ ਲੱਗੇ ਹੋਏ ਯੂਨੀਪੋਲ ਹਟਾਉਣ ਲਈ NHAI ਦੇ ਪ੍ਰਾਜੈਕਟ ਡਾਇਰੈਕਟਰ ਵੱਲੋਂ ਨਗਰ ਨਿਗਮ ਕਮਿਸ਼ਨਰ ਨੂੰ 8 ਮਈ ਨੂੰ ਸਰਕੂਲਰ ਜਾਰੀ ਕੀਤਾ ਗਿਆ ਸੀ, ਜਿਸ ਦੇ ਮੁਤਾਬਕ NHAI ਦੇ ਏਰੀਆ ’ਚ ਲੱਗੇ ਯੂਨੀਪੋਲ ਇਕ ਹਫਤੇ ਅੰਦਰ ਹਟਾਉਣ ਲਈ ਬੋਲਿਆ ਗਿਆ ਸੀ। ਇਨ੍ਹਾਂ ’ਚ ਜਲੰਧਰ-ਦਿੱਲੀ ਰੋਡ, ਚੰਡੀਗੜ੍ਹ ਰੋਡ, ਫਿਰੋਜ਼ਪੁਰ ਰੋਡ, ਲਾਡੋਵਾਲ ਬਾਈਪਾਸ ਦਾ ਏਰੀਆ ਆਉਂਦਾ ਹੈ ਪਰ NHAI ਰੋਡ ਸੇਫਟੀ ਦੇ ਨਿਯਮਾਂ ਦਾ ਹਵਾਲਾ ਦੇਣ ਦੇ ਬਾਵਜੂਦ ਨਗਰ ਨਿਗਮ ਵੱਲੋਂ ਹੁਣ ਤੱਕ ਯੂਨੀਪੋਲ ਹਟਾਉਣ ਦੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ।ਇਹ ਕੋਈ ਪਹਿਲਾ ਮੌਕਾ ਨਹੀਂ ਹੈ, ਜਦ NHAI ਨੇ ਆਪਣੇ ਏਰੀਆ ’ਚ ਇਸ਼ਤਿਹਾਰ ਲਗਾਉਣ ਦੇ ਮਾਮਲੇ ’ਚ ਨਗਰ ਨਿਗਮ ਨੂੰ ਝਟਕਾ ਦਿੱਤਾ ਹੈ। ਇਸ ਤੋਂ ਪਹਿਲਾਂ ਨਗਰ ਨਿਗਮ ਵੱਲੋਂ ਐਲੀਵੇਟਿਡ ਰੋਡ ਦੇ ਪਿੱਲਰਾਂ ’ਤੇ ਹੋਰਡਿੰਗ ਲਗਾਉਣ ਦੀ ਮਨਜ਼ੂਰੀ ਦੇਣ ਦਾ ਪ੍ਰਸਤਾਵ ਭੇਜਿਆ ਗਿਆ ਸੀ, ਜਿਸ ਨੂੰ NHAI ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਇਸ ਦੇ ਲਈ ਇਹ ਹਵਾਲਾ ਦਿੱਤਾ ਗਿਆ ਹੈ ਕਿ ਐਲੀਵੇਟਿਡ ਰੋਡ ਦਾ ਨਿਰਮਾਣ NHAI ਵੱਲੋਂ ਕੀਤਾ ਗਿਆ ਹੈ ਅਤੇ ਇਸ ਤੋਂ ਪਹਿਲਾਂ ਐਲੀਵੇਟਿਡ ਰੋਡ ਦਾ ਇਹ ਹਿੱਸਾ 2019 ’ਚ ਜਾਰੀ ਨੋਟੀਫਿਕੇਸ਼ਨ ਮੁਤਾਬਕ NHAI ਨੂੰ ਟਰਾਂਸਫਰ ਹੋ ਚੁੱਕਾ ਹੈ, ਜਿਸ ਰੋਡ ’ਤੇ ਇਸ਼ਤਿਹਾਰਬਾਜ਼ੀ ਲਗਾਉਣ ਦੀ ਮਨਜ਼ੂਰੀ ਦੇਣ ਦਾ ਨਗਰ ਨਿਗਮ ਦਾ ਕੋਈ ਅਧਿਕਾਰ ਨਹੀਂ ਹੈ।

# ਜਾਨਲੇਵਾ ਸਾਬਿਤ ਹੋ ਸਕਦੀ ਹੈ ਲੂ! ਅੱਤ ਦੀ ਗਰਮੀ 'ਚ ਰੱਖੋ ਇਨ੍ਹਾਂ ਗੱਲਾਂ ਦਾ ਖ਼ਿਆਲ

ਦਿਨ-ਬ-ਦਿਨ ਵਧਦੀ ਗਰਮੀ ਕਾਰਨ ਵਧਦੇ ਤਾਪਮਾਨ ਤੋਂ ਲੋਕਾਂ ਨੂੰ ਹੀਟ ਸਟ੍ਰੋਕ ਮਤਲਬ ‘ਲੂ ਲੱਗਣ’ ਦੇ ਖਤਰੇ ਵੀ ਵਧੇ ਹਨ। ਮੈਡੀਕਲ ਮਾਹਿਰਾਂ ਕੋਲ ਰੋਜ਼ਾਨਾ ਕਈ ਮਰੀਜ਼ ਗਰਮੀ ਦੀ ਸ਼ਿਕਾਇਤ ਲੈ ਕੇ ਆ ਰਹੇ ਹਨ। ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਲੋਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ, ਕਿਉਂਕਿ ਇਹ ਜਾਨਲੇਵਾ ਸਾਬਿਤ ਹੋ ਸਕਦਾ ਹੈ। ਹਸਪਤਾਲ ਪ੍ਰਬੰਧਕਾਂ ਨੇ ਇਸ ਸਬੰਧੀ ਲੋਕਾਂ ਲਈ ਇਕ ਐਡਵਾਈਜ਼ਰੀ ਜਾਰੀ ਕੀਤੀ ਹੈ। ਵਰਣਨਯੋਗ ਹੈ ਕਿ ‘ਹੀਟ ਸਟ੍ਰੋਕ’ ਇਕ ਗੰਭੀਰ ਅਤੇ ਸੰਭਾਵਿਤ ਰੂਪ ਤੋਂ ਘਾਤਕ ਸਥਿਤੀ ਹੈ, ਜੋ ਸਰੀਰ ਵਿਚ ਅੱਤ ਦੀ ਗਰਮੀ ਹੋਣ ਕਾਰਨ ਹੁੰਦਾ ਹੈ। ਆਮ ਤੌਰ ’ਤੇ ਲੰਬੇ ਸਮੇਂ ਤੱਕ ਉੱਚ ਤਾਪਮਾਨ ਦੇ ਸੰਪਰਕ ਵਿਚ ਰਹਿਣ ਜਾਂ ਗਰਮੀ ’ਚ ਸਰੀਰਕ ਮਿਹਨਤ ਕਰਨ ਕਾਰਨ ਲੂ ਲੱਗਣ ਦਾ ਖਤਰਾ ਵਧ ਜਾਂਦਾ ਹੈ।ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਨੇ ਜ਼ਿਲੇ ਭਰ ਦੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਲੂ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਕਿਉਂਕਿ ਤਾਪਮਾਨ ’ਚ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਛੋਟੇ ਬੱਚਿਆਂ, ਗਰਭਵਤੀ ਔਰਤਾਂ, 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬਜ਼ੁਰਗਾਂ, ਮਜ਼ਦੂਰਾਂ, ਮੋਟੇ ਲੋਕਾਂ, ਮਾਨਸਿਕ ਤੌਰ ’ਤੇ ਬੀਮਾਰ ਲੋਕਾਂ, ਖਾਸ ਕਰ ਕੇ ਦਿਲ ਦੇ ਰੋਗੀਆਂ ਜਾਂ ਹਾਈ ਬਲੱਡ ਪ੍ਰੈਸ਼ਰ ਦੇ ਪੀੜਤਾਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।ਦਿਨ ਦੇ ਠੰਢੇ ਸਮੇਂ ਜਿਵੇਂ ਕਿ ਸਵੇਰ ਅਤੇ ਸ਼ਾਮ ਨੂੰ ਘਰੋਂ ਬਾਹਰ ਜਾਣਾ ਚਾਹੀਦਾ ਹੈ। ਚਾਹੇ ਤੁਹਾਨੂੰ ਪਿਆਸ ਨਾ ਵੀ ਲੱਗੇ ਹੋਵੇ, ਫਿਰ ਵੀ ਹਰ ਅੱਧੇ ਘੰਟੇ ’ਚ ਥੋੜ੍ਹਾ-ਥੋੜ੍ਹਾ ਪਾਣੀ ਪੀਂਦੇ ਰਹਿਣਾ ਚਾਹੀਦਾ ਹੈ। ਹਲਕੇ ਰੰਗ ਦੇ ਪੂਰੀਆਂ ਬਾਹਾਂ ਵਾਲੇ ਸੂਤੀ ਤੇ ਖੁੱਲ੍ਹੇ ਕੱਪੜੇ ਪਹਿਨਣੇ ਚਾਹੀਦੇ ਹਨ। ਸਿਰ ਨੂੰ ਸਿੱਧੀ ਧੁੱਪ ਤੋਂ ਬਚਾਉਣ ਲਈ ਟੋਪੀ, ਤੌਲੀਆ, ਪੱਗ ਜਾਂ ਗਿੱਲਾ ਕੱਪੜਾ ਰੱਖਣਾ ਚਾਹੀਦਾ ਹੈ।ਲੂ ਤੋਂ ਬਚਾਅ ਲਈ ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ਼, ਸੰਤਰਾ, ਅੰਗੂਰ, ਖੀਰਾ ਅਤੇ ਟਮਾਟਰ ਵੱਧ ਤੋਂ ਵੱਧ ਖਾਣੇ ਚਾਹੀਦੇ ਹਨ। ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਆਦਿ ਪੀਓ। ਸ਼ਰਾਬ, ਚਾਹ, ਕਾਫੀ ਅਤੇ ਕਾਰਬੋਨੇਟਿਡ ਅਤੇ ਜ਼ਿਆਦਾ ਮਿੱਠੇ ਪੀਣ ਵਾਲੇ ਪਦਾਰਥਾਂ ਅਤੇ ਤਲੀਆਂ ਹੋਈਆਂ ਖਾਣ-ਪੀਣ ਦੀਆਂ ਚੀਜ਼ਾਂ ਤੋਂ ਬਚਣਾ ਚਾਹੀਦਾ ਹੈ।





# ਡੇਕੇਅਰ ਦਾ ਕਹਿਣਾ ਹੈ ਕਿ ਓਨਟਾਰੀਓ ਦਾ ਫੰਡਿੰਗ ਮਾਡਲ ਇਸ ਨੂੰ ਬੰਦ ਕਰਨ ਦੀ ਦਿੱਤੀ ਧਮਕੀ

ਟੋਰਾਂਟੋ ਡੇਅਕੇਅਰ ਜਿਸਨੇ ਨੈਸ਼ਨਲ ਚਾਈਲਡਕੇਅਰ ਪ੍ਰੋਗਰਾਮ 'ਤੇ ਦਸਤਖਤ ਕੀਤੇ ਹਨ, ਹੁਣ ਅਜਿਹੀ ਵਿੱਤੀ ਮੁਸ਼ਕਲ ਵਿੱਚ ਹੈ ਕਿ ਇਸਦਾ ਬੋਰਡ ਬੰਦ ਕਰਨ ਬਾਰੇ ਵਿਚਾਰ ਕਰ ਰਿਹਾ ਹੈ, ਇੱਕ ਦੁਰਦਸ਼ਾ ਜੋ ਵਕੀਲਾਂ ਦਾ ਕਹਿਣਾ ਹੈ ਕਿ ਓਨਟਾਰੀਓ ਸਿਸਟਮ ਨੂੰ ਫੰਡ ਕਿਵੇਂ ਦਿੰਦਾ ਹੈ ਇਸ ਵਿੱਚ ਖਾਮੀਆਂ ਨੂੰ ਪ੍ਰਗਟ ਕਰਦਾ ਹੈ। ਸਨੀਸਾਈਡ ਗਾਰਡਨ ਡੇਕੇਅਰ, ਇੱਕ ਗੈਰ-ਮੁਨਾਫ਼ਾ ਜੋ ਟੋਰਾਂਟੋ ਦੇ ਪੱਛਮੀ ਸਿਰੇ ਵਿੱਚ ਲਗਭਗ 150 ਬੱਚਿਆਂ ਦੀ ਸੇਵਾ ਕਰਦਾ ਹੈ, ਸਾਲ ਦੇ ਅੰਤ ਤੱਕ ਬੰਦ ਹੋਣ ਤੋਂ ਰੋਕਣ ਲਈ ਸੂਬੇ ਅਤੇ ਸ਼ਹਿਰ ਨੂੰ ਐਮਰਜੈਂਸੀ ਫੰਡਿੰਗ ਲਈ ਅਪੀਲ ਕਰ ਰਿਹਾ ਹੈ। ਕੇਂਦਰ ਦੀ ਡਾਇਰੈਕਟਰ ਬਾਰਬਰਾ ਵਾਨਨ ਨੇ ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਅਤੇ ਸਿੱਖਿਆ ਮੰਤਰੀ ਸਟੀਫਨ ਲੇਸੇ ਨੂੰ ਭੇਜੇ ਇੱਕ ਪੱਤਰ ਵਿੱਚ ਲਿਖਿਆ, "ਅਸੀਂ ਇੱਕ ਜ਼ਰੂਰੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਾਂ ਜੋ ਸਾਡੀ ਗੈਰ-ਲਾਭਕਾਰੀ ਡੇ-ਕੇਅਰ ਦੀ ਹੋਂਦ ਨੂੰ ਖਤਰਾ ਹੈ।

ਟੋਰਾਂਟੋ ਡੇਅਕੇਅਰ ਜਿਸਨੇ ਨੈਸ਼ਨਲ ਚਾਈਲਡਕੇਅਰ ਪ੍ਰੋਗਰਾਮ 'ਤੇ ਦਸਤਖਤ ਕੀਤੇ ਹਨ, ਹੁਣ ਅਜਿਹੀ ਵਿੱਤੀ ਮੁਸ਼ਕਲ ਵਿੱਚ ਹੈ ਕਿ ਇਸਦਾ ਬੋਰਡ ਬੰਦ ਕਰਨ ਬਾਰੇ ਵਿਚਾਰ ਕਰ ਰਿਹਾ ਹੈ, ਇੱਕ ਦੁਰਦਸ਼ਾ ਜੋ ਵਕੀਲਾਂ ਦਾ ਕਹਿਣਾ ਹੈ ਕਿ ਓਨਟਾਰੀਓ ਸਿਸਟਮ ਨੂੰ ਫੰਡ ਕਿਵੇਂ ਦਿੰਦਾ ਹੈ ਇਸ ਵਿੱਚ ਖਾਮੀਆਂ ਨੂੰ ਪ੍ਰਗਟ ਕਰਦਾ ਹੈ। ਸਨੀਸਾਈਡ ਗਾਰਡਨ ਡੇਕੇਅਰ, ਇੱਕ ਗੈਰ-ਮੁਨਾਫ਼ਾ ਜੋ ਟੋਰਾਂਟੋ ਦੇ ਪੱਛਮੀ ਸਿਰੇ ਵਿੱਚ ਲਗਭਗ 150 ਬੱਚਿਆਂ ਦੀ ਸੇਵਾ ਕਰਦਾ ਹੈ, ਸਾਲ ਦੇ ਅੰਤ ਤੱਕ ਬੰਦ ਹੋਣ ਤੋਂ ਰੋਕਣ ਲਈ ਸੂਬੇ ਅਤੇ ਸ਼ਹਿਰ ਨੂੰ ਐਮਰਜੈਂਸੀ ਫੰਡਿੰਗ ਲਈ ਅਪੀਲ ਕਰ ਰਿਹਾ ਹੈ। ਕੇਂਦਰ ਦੀ ਡਾਇਰੈਕਟਰ ਬਾਰਬਰਾ ਵਾਨਨ ਨੇ ਵੀਰਵਾਰ ਨੂੰ ਪ੍ਰੀਮੀਅਰ ਡੱਗ ਫੋਰਡ ਅਤੇ ਸਿੱਖਿਆ ਮੰਤਰੀ ਸਟੀਫਨ ਲੇਸੇ ਨੂੰ ਭੇਜੇ ਇੱਕ ਪੱਤਰ ਵਿੱਚ ਲਿਖਿਆ, "ਅਸੀਂ ਇੱਕ ਜ਼ਰੂਰੀ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਾਂ ਜੋ ਸਾਡੀ ਗੈਰ-ਲਾਭਕਾਰੀ ਡੇ-ਕੇਅਰ ਦੀ ਹੋਂਦ ਨੂੰ ਖਤਰਾ ਹੈ।

# PM ਟਰੂਡੋ ਦਾ ਅਹਿਮ ਬਿਆਨ, ਕਾਮਾਗਾਟਾਮਾਰੂ ਘਟਨਾ ਨੂੰ ਦੱਸਿਆ ਕੈਨੇਡਾ ਦੇ ਇਤਿਹਾਸ ਦਾ 'ਕਾਲਾ ਅਧਿਆਏ'



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀਰਵਾਰ ਨੂੰ ਕਾਮਾਗਾਟਾਮਾਰੂ ਦੀ ਦੁਖਦਾਈ ਘਟਨਾ ਨੂੰ ਦੇਸ਼ ਦੇ ਇਤਿਹਾਸ ਦਾ ਇੱਕ "ਕਾਲਾ ਅਧਿਆਏ" ਕਰਾਰ ਦਿੱਤਾ ਅਤੇ ਕੈਨੇਡੀਅਨਾਂ ਨੂੰ ਕਿਹਾ ਕਿ ਉਹ ਸਾਰਿਆਂ ਲਈ ਇੱਕ ਬਿਹਤਰ, ਨਿਰਪੱਖ ਅਤੇ ਵਧੇਰੇ ਸਮਾਵੇਸ਼ੀ ਦੇਸ਼ ਬਣਾਉਣ ਲਈ ਮਿਲ ਕੇ ਕੰਮ ਕਰਨ।" ਟਰੂਡੋ ਨੇ ਇਕ ਬਿਆਨ ਵਿਚ ਕਿਹਾ,''ਇੱਕ ਸੌ ਦਸ ਸਾਲ ਪਹਿਲਾਂ ਸਟੀਮਸ਼ਿਪ ਕਾਮਾਗਾਟਾ ਮਾਰੂ ਪ੍ਰਸ਼ਾਂਤ ਮਹਾਸਾਗਰ ਦੀ ਲੰਮੀ ਯਾਤਰਾ ਤੋਂ ਬਾਅਦ ਵੈਨਕੂਵਰ ਦੀ ਬੰਦਰਗਾਹ 'ਤੇ ਪਹੁੰਚਿਆ ਸੀ, ਜਿਸ 'ਤੇ ਸਵਾਰ 376 ਲੋਕ - ਪੰਜਾਬੀ ਮੂਲ ਦੇ ਸਿੱਖ, ਮੁਸਲਮਾਨ ਅਤੇ ਹਿੰਦੂ - ਕੈਨੇਡਾ ਵਿੱਚ ਇੱਕ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਤਿਆਰ ਸਨ ਪਰ ਨਵੇਂ ਆਉਣ ਵਾਲਿਆਂ ਨੂੰ ਕੈਨੇਡਾ ਨੇ ਦੇਸ਼ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਆਪਣੇ ਤਜ਼ਰਬੇ ਨੂੰ ਯਾਦ ਕਰਦੇ ਹੋਏ ਟਰੂਡੋ ਨੇ ਕਿਹਾ ਕਿ ਜਾਪਾਨੀ ਸਟੀਮਸ਼ਿਪ ਕਾਮਾਗਾਟਾਮਾਰੂ ਦੇ ਯਾਤਰੀਆਂ ਨੂੰ 1914 ਵਿੱਚ ਭੋਜਨ, ਪਾਣੀ ਜਾਂ ਮੈਡੀਕਲ ਦੇਖਭਾਲ ਦੇ ਬਿਨਾਂ ਦੋ ਮਹੀਨਿਆਂ ਤੱਕ ਹਿਰਾਸਤ ਵਿਚ ਰੱਖਿਆ ਗਿਆ ਸੀ। ਫਿਰ ਅਖੀਰ ਵਿਚ ਕਾਮਾਗਾਟਾ ਮਾਰੂ ਨੂੰ ਭਾਰਤ ਵਾਪਸ ਜਾਣ ਲਈ ਮਜ਼ਬੂਰ ਹੋਣਾ ਪਿਆ, ਜਿੱਥੇ ਇਸ ਦੇ ਬਹੁਤ ਸਾਰੇ ਯਾਤਰੀ ਮਾਰੇ ਗਏ ਜਾਂ ਕੈਦ ਕਰ ਲਏ ਗਏ। ਟਰੂਡੋ ਨੇ ਕਿਹਾ."ਇਹ ਦੁਖਦਾਈ ਘਟਨਾ ਸਾਡੇ ਦੇਸ਼ ਦੇ ਇਤਿਹਾਸ ਵਿੱਚ ਇੱਕ ਕਾਲਾ ਅਧਿਆਏ ਹੈ। ਅੱਠ ਸਾਲ ਪਹਿਲਾਂ ਕਾਮਾਗਾਟਾਮਾਰੂ ਦੇ ਯਾਤਰੀਆਂ ਨਾਲ ਜੋ ਹੋਇਆ ਉਸ ਲਈ ਕੈਨੇਡਾ ਦੀ ਸਰਕਾਰ ਤਰਫੋਂ ਮੁਆਫ਼ੀ ਮੰਗੀ ਗਈ ਸੀ।''

ਉਸ ਨੇ ਕਿਹਾ ਕਿ ਜਹਾਜ਼ ਵਿੱਚ ਸਵਾਰ ਲੋਕਾਂ ਨਾਲ ਨਿੰਦਣਯੋਗ ਵਿਵਹਾਰ ਉਸ ਸਮੇਂ ਦੇ ਕੈਨੇਡਾ ਦੇ ਨਸਲਵਾਦੀ ਅਤੇ ਪੱਖਪਾਤੀ ਕਾਨੂੰਨਾਂ ਨੂੰ ਦਰਸਾਉਂਦਾ ਹੈ ਅਤੇ "ਸਾਨੂੰ ਇਸ ਘਟਨਾ ਨੂੰ ਕਦੇ ਵੀ ਦੁਹਰਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਹੈ"। ਟਰੂਡੋ ਨੇ ਕਿਹਾ,''ਇਸ ਘਟਨਾ ਦੇ ਯਾਦਗਾਰ ਦੁਖਦਾਈ ਦਿਨ ਕੈਨੇਡੀਅਨ ਵਿਭਿੰਨਤਾ ਨੂੰ ਵਧਾਵਾ ਦੇਣ ਅਤੇ ਸਾਰਿਆਂ ਨਾਲ ਸਨਮਾਨ ਨਾਲ ਪੇਸ਼ ਆਉਣ ਦੀ ਮਹੱਤਤਾ 'ਤੇ ਵਿਚਾਰ ਕਰਨਾ ਚਾਹੀਦਾ ਹੈ। ਇਸ ਦੁਖਾਂਤ ਤੋਂ ਬਾਅਦ ਦੇ ਸਾਲਾਂ ਵਿੱਚ ਇੱਕ ਦੇਸ਼ ਦੇ ਰੂਪ ਵਿੱਚ ਅਸੀਂ ਸਾਰੇ ਪਿਛੋਕੜ ਵਾਲੇ ਲੋਕਾਂ ਲਈ ਇੱਕ ਹੋਰ ਸਮਾਵੇਸ਼ੀ, ਸੁਆਗਤ ਕਰਨ ਵਾਲੇ ਸਮਾਜ ਦੀ ਸਿਰਜਣਾ ਵੱਲ ਇੱਕ ਕਦਮ ਚੁੱਕਿਆ ਹੈ। ਅਤੇ ਸਾਡੀ ਨਸਲਵਾਦ ਵਿਰੋਧੀ ਰਣਨੀਤੀ ਵਰਗੀਆਂ ਪਹਿਲਕਦਮੀਆਂ ਰਾਹੀਂ ਅਸੀਂ ਰੁਕਾਵਟਾਂ ਨੂੰ ਦੂਰ ਕਰ ਰਹੇ ਹਾਂ ਤਾਂ ਜੋ ਕੈਨੇਡਾ ਵਿੱਚ ਹਰ ਕੋਈ ਆਪਣੀ ਪੂਰੀ ਸਮਰੱਥਾ ਤੱਕ ਪਹੁੰਚ ਸਕੇ।"

# ਹੁਣ ਅੰਮ੍ਰਿਤਸਰ ਏਅਰਪੋਰਟ ਤੋਂ ਕੈਨੇਡਾ ਲਈ ਨਵੀਆਂ ਫਲਾਈਟਾਂ ਸ਼ੁਰੂ



ਸਿੰਗਾਪੁਰ ਏਅਰਲਾਈਨਜ਼ ਦੀ ਕਿਫਾਇਤੀ ਏਅਰਲਾਈਨ ਸਕੂਟ ਨੇ ਹੁਣ ਏਅਰ ਕੈਨੇਡਾ ਦੇ ਨਾਲ ਇੰਟਰਲਾਈਨ ਸਾਂਝੇਦਾਰੀ ਕਰਨ ਦਾ ਐਲਾਨ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਹੁਣ ਭਾਰਤ ਲਈ ਏਅਰ ਕੈਨੇਡਾ ਦੀ ਵੈੱਬਸਾਈਟ 'ਤੇ ਵੀ ਸਕੂਟ ਦੀਆਂ ਫਲਾਈਟਾਂ ਦੀ ਬੁਕਿੰਗ ਹੋ ਸਕੇਗੀ। ਏਅਰ ਕੈਨੇਡਾ ਨੇ ਸਿੰਗਾਪੁਰ ਤੋਂ ਵੈਨਕੂਵਰ ਲਈ ਨਾਨ-ਸਟਾਪ ਫਲਾਈਟ ਦੀ ਸ਼ੁਰੂਆਤ ਕੀਤੀ ਹੈ। 13 ਹਜ਼ਾਰ ਕਿਲੋਮੀਟਰ ਦਾ ਇਹ ਸਫ਼ਰ ਸਿਰਫ਼ 14 ਘੰਟੇ 40 ਮਿੰਟ 'ਚ ਤੈਅ ਕੀਤਾ ਜਾ ਰਿਹਾ ਹੈ। ਭਾਰਤ ਤੋਂ ਕੈਨੇਡਾ (ਵੈਨਕੂਵਰ) ਜਾਣ ਵਾਲੇ ਹੁਣ ਸਿੱਧਾ ਅੰਮ੍ਰਿਤਸਰ ਤੋਂ ਵੈਨਕੂਵਰ ਦਾ ਸਫ਼ਰ ਕਰ ਸਕਣਗੇ, ਜਿਸ ਲਈ 2 ਜਹਾਜ਼ ਕੰਪਨੀਆਂ ਸਕੂਟ ਤੇ ਏਅਰ ਕੈਨੇਡਾ 'ਚ ਸਫ਼ਰ ਕਰਨਾ ਪਵੇਗਾ। ਅੰਮ੍ਰਿਤਸਰ ਤੋਂ ਸਿੰਗਾਪੁਰ ਲਈ ਸਕੂਟ ਏਅਰਲਾਈਨ 'ਚ ਤੇ ਉਥੋਂ ਵੈਨਕੂਵਰ ਲਈ ਏਅਰ ਕੈਨੇਡਾ ਰਾਹੀਂ ਜਾਇਆ ਜਾ ਸਕੇਗਾ। ਇਸ ਏਅਰਲਾਈਨ ਸਾਂਝੇਦਾਰੀ ਨਾਲ ਭਾਰਤੀ ਯਾਤਰੀਆਂ ਨੂੰ ਸਕੂਟ ਏਅਰਲਾਈਨ ਰਾਹੀਂ ਕਈ ਹੋਰ ਬਦਲ ਵੀ ਮੁਹੱਈਆ ਹੋ ਸਕਣਗੇ।

# ਚਿਕਨ ਖਰੀਦਣ ਲਈ ਸਟੋਰ 'ਤੇ ਪਹੁੰਚਿਆ ਸ਼ਖ਼ਸ, ਜਿੱਤਿਆ 4 ਕਰੋੜ ਰੁਪਏ ਦਾ ਜੈਕਪਾਟ




ਅਮਰੀਕਾ ਦਾ ਹੈਰਾਨ ਕਰ ਦੇਣ ਵਾਲਾ ਇਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਮਈ ਮਹੀਨੇ ਘਰੋਂ ਸਟੋਰ 'ਤੇ ਚਿਕਨ ਖ਼ਰੀਦਣ ਗਿਆ ਇਕ ਅਮਰੀਕੀ ਵਿਅਕਤੀ ਕਰੋੜਪਤੀ ਬਣ ਗਿਆ। ਇਹ ਪਤਾ ਨਹੀ ਹੁੰਦਾ ਕਿ ਕਿਸਮਤ ਕਦੋਂ ਅਤੇ ਕਿਸ ਰੂਪ ਵਿੱਚ ਤੁਹਾਡਾ ਸਾਥ ਦੇਣ ਵਿੱਚ ਆਵੇਗੀ। ਬਹੁਤ ਸਾਰੇ ਲੋਕ ਅਜਿਹੇ ਹਨ ਜੋ ਗਰੀਬੀ ਵਿੱਚ ਰਹਿਣ ਦੇ ਬਾਵਜੂਦ ਰਾਤੋ-ਰਾਤ ਕਰੋੜਪਤੀ ਬਣ ਗਏ। ਅਜਿਹੇ ਹੀ ਮਾਮਲੇ ਵਿਚ ਇੱਕ ਟਰੱਕ ਡਰਾਈਵਰ ਘਰੋਂ ਚਿਕਨ ਖਰੀਦਣ ਲਈ ਫੂਡ ਲਾਇਨ ਗਰੋਸਰੀ ਸਟੋਰ ਸਾਊਥ ਬੌਸਟਨ ਵੈਸਟ ਵਰਜੀਨੀਆ 'ਤੇ ਗਿਆ ਅਤੇ ਗਰੋਸਰੀ ਦੇ ਨਾਲ ਇਕ ਲਾਟਰੀ ਵੀ ਖਰੀਦੀ ਅਤੇ ਫਿਰ ਕਰੋੜਪਤੀ ਬਣ ਕੇ ਘਰ ਵਾਪਸ ਆਇਆ। ਉਸ ਗਰੋਸਰੀ ਸਟੋਰ ਵਿੱਚ ਕੀ ਹੋਇਆ? ਇੱਕ ਸਧਾਰਨ ਟਰੱਕ ਡਰਾਈਵਰ ਅਚਾਨਕ ਕਰੋੜਪਤੀ ਕਿਵੇਂ ਬਣ ਗਿਆ। ਆਓ ਜਾਣਦੇ ਹਾਂ ਇਹ ਘਟਨਾ ਅਸਲ ਵਿੱਚ ਕਿੱਥੇ ਵਾਪਰੀ। ਲਾਟਰੀ ਟਿਕਟਾਂ ਬਹੁਤ ਸਾਰੇ ਲੋਕਾਂ ਦੁਆਰਾ ਖਰੀਦੀਆਂ ਜਾਂਦੀਆਂ ਹਨ ਜੋ ਬਿਨਾਂ ਮਿਹਨਤ ਦੇ ਅਤੇ ਸਿਰਫ ਕਿਸਮਤ ਨਾਲ ਅਮੀਰ ਬਣਨਾ ਚਾਹੁੰਦੇ ਹਨ। ਬਹੁਤ ਸਾਰੇ ਲੋਕ ਅਜਿਹੇ ਵੀ ਹਨ ਜਿਨ੍ਹਾਂ ਨੇ ਲਾਟਰੀ ਦੀਆਂ ਟਿਕਟਾਂ ਖਰੀਦਣ ਲਈ ਆਪਣਾ ਸਭ ਕੁਝ ਵੇਚ ਦਿੱਤਾ ਅਤੇ ਕਰਜ਼ੇ ਵਿੱਚ ਚਲੇ ਗਏ ਅਤੇ ਦੀਵਾਲੀਆ ਹੋ ਗਏ। ਪਰ ਕੁਝ ਖੁਸ਼ਕਿਸਮਤ ਲੋਕ ਵੀ ਹਨ।

ਇਸ ਲਾਟਰੀ ਟਿਕਟ ਨੇ ਅਮਰੀਕਾ ਦੇ ਵਰਜੀਨੀਆ ਸੂਬੇ ਦੇ ਇੱਕ ਟਰੱਕ ਡਰਾਈਵਰ ਦੀ ਕਿਸਮਤ ਬਦਲ ਕੇ ਰੱਖ ਦਿੱਤੀ ਅਤੇ ਉਸ ਨੇ 4 ਕਰੋੜ ਰੁਪਏ ਦੀ ਲਾਟਰੀ ਜਿੱਤੀ। ਜੇਤੂ ਰਸਲ ਗੋਮਸ ਨਾਮੀਂ ਵਿਅਕਤੀ ਦੱਖਣੀ ਬੋਸਟਨ, ਵਰਜੀਨੀਆ ਰਾਜ ਦਾ ਇੱਕ ਟਰੱਕ ਡਰਾਈਵਰ ਹੈ, ਜੋ ਚਿਕਨ ਖ਼ਰੀਦਣ ਲਈ ਸਟੋਰ ਵਿੱਚ ਗਿਆ। ਚਿਕਨ ਲੈਣ ਤੋਂ ਬਾਅਦ ਰਸਲ ਗੋਮਸ ਨੇ ਉੱਥੇ ਇੱਕ ਸਕ੍ਰੈਚ ਆਫ ਲਾਟਰੀ ਦੀ ਟਿਕਟ ਖਰੀਦੀ। ਸਾਰੀ ਖਰੀਦਦਾਰੀ ਪੂਰੀ ਕਰਨ ਤੋਂ ਬਾਅਦ ਉਸਨੇ ਲਾਟਰੀ ਟਿਕਟ ਸਕ੍ਰੈਚ ਕਰਨ ਦਾ ਫ਼ੈਸਲਾ ਕੀਤਾ। ਰਸੇਲ ਗੋਮਸ ਜੋ ਖਰੀਦਦਾਰੀ ਕਰਨ ਤੋਂ ਬਾਅਦ ਪਾਰਕਿੰਗ ਵਿੱਚ ਗਿਆ, ਉਸ ਨੇ ਲਾਟਰੀ ਦੀ ਟਿਕਟ ਨੂੰ ਖੁਰਚਿਆ ਅਤੇ ਹੈਰਾਨ ਹੋ ਗਿਆ। ਜਦੋ ਉਸ ਲਾਟਰੀ ਵਿੱਚ 5 ਲੱਖ ਡਾਲਰ ਦਾ ਉਸ ਦਾ ਇਨਾਮ ਨਿਕਲ ਆਇਆ, ਜੋ ਕਿ ਭਾਰਤੀ ਮੁਦਰਾ ਮੁਤਾਬਕ 4 ਕਰੋੜ ਰੁਪਿਆ ਬਣਦਾ ਹੈ।

# ਅਮਰੀਕਾ ’ਚ ਬਰਡ ਫਲੂ ਦੇ ਦੂਜੇ ਮਾਮਲੇ ਦੀ ਪੁਸ਼ਟੀ, ਇਨਫੈਕਟਿਡ ਪਸ਼ੂਆਂ ਦੇ ਸੰਪਰਕ ’ਚ ਸੀ ਮੁਲਾਜ਼ਮ




ਅਮਰੀਕਾ 'ਚ ਇਕ ਵਿਅਕਤੀ 'ਚ ਬਰਡ ਫਲੂ ਦਾ ਦੂਜਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਦਹਿਸ਼ਤ ਫੈਲ ਗਈ ਹੈ। ਏਬੀਸੀ ਨਿਊਜ਼ ਮੁਤਾਬਕ ਅਮਰੀਕਾ ਵਿੱਚ ਬਰਡ ਫਲੂ ਨਾਲ ਸੰਕਰਮਿਤ ਇੱਕ ਦੂਜੇ ਮਰੀਜ਼ ਦੀ ਪੁਸ਼ਟੀ ਹੋਈ ਹੈ। ਦੱਸ ਦੇਈਏ ਕਿ ਕੇਂਦਰੀ ਰੋਗ ਕੰਟਰੋਲ ਅਤੇ ਰੋਕਥਾਮ ਕੇਂਦਰ (ਸੀ. ਡੀ. ਸੀ.) ਵਲੋਂ ਵਿਅਕਤੀ 'ਚ ਐੱਚ5ਐੱਨ1 ਦੇ ਇਨਫੈਕਸ਼ਨ ਦੀ ਪੁਸ਼ਟੀ ਕੀਤੀ ਗਈ ਹੈ। ਸਥਾਨਕ ਸਿਹਤ ਅਧਿਕਾਰੀਆਂ ਨੂੰ ਉਸ ਵਿੱਚ ਦਿਖਾਈ ਦੇਣ ਵਾਲੇ ਲੱਛਣਾਂ ਬਾਰੇ ਸੂਚਿਤ ਕੀਤਾ ਗਿਆ ਹੈ।ਦੂਜੇ ਪਾਸੇ ਏ.ਬੀ.ਸੀ. ਨਿਊਜ਼ ਮੁਤਾਬਕ ਮਿਸ਼ੀਗਨ ਦੇ ਇਕ ਫਾਰਮ ਵਿਚ ਕੰਮ ਕਰਨ ਵਾਲੇ ਇਕ ਵਿਅਕਤੀ ਵਿਚ ਬਰਡ ਫਲੂ ਪਾਇਆ ਗਿਆ ਹੈ, ਜੋ ਕਿਸੇ ਇਨਫੈਕਟਿਡ ਪਸ਼ੂ ਜਾਂ ਏਵੀਅਨ ਫਲੂ ਨਾਲ ਨਿਯਮਤ ਸੰਪਰਕ ਵਿਚ ਸੀ। ਸੀ. ਡੀ. ਸੀ. ਨੇ ਕਿਹਾ ਕਿ ਮਿਸ਼ੀਗਨ ’ਚ ਐੱਚ5ਐੱਨ1 ਦੇ ਇਨਫੈਕਟਿਡ ਡੇਅਰੀ ਮੁਲਾਜ਼ਮ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਹੈ। ਅਮਰੀਕਾ ’ਚ ਅਪ੍ਰੈਲ ਦੇ ਪਹਿਲੇ ਹਫ਼ਤੇ ਬਰਡ ਫਲੂ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਸੀਡੀਸੀ ਨੇ ਕਿਹਾ ਕਿ ਸੰਕਰਮਿਤ ਵਿਅਕਤੀ ਦੇ 2 ਨਮੂਨੇ ਜਾਂਚ ਲਈ ਲਏ ਗਏ ਹਨ। ਇਨ੍ਹਾਂ ਵਿੱਚੋਂ ਇੱਕ ਨਮੂਨਾ ਨੱਕ ਦਾ ਅਤੇ ਦੂਜਾ ਅੱਖ ਦਾ ਸੀ।

ਨੱਕ ਤੋਂ ਲਿਆ ਗਿਆ ਨਮੂਨਾ ਪ੍ਰਯੋਗਸ਼ਾਲਾ ਵਿਚ ਕੀਤੇ ਗਏ ਟੈਸਟਾਂ ਵਿੱਚ ਇਨਫਲੂਐਂਜ਼ਾ ਚਾਂਜ ਲਈ ਨਕਾਰਾਤਮਕ ਸੀ ਪਰ ਅੱਖਾਂ ਦੇ ਨਮੂਲੇ ਵਿਚ H5N1 ਲਾਗ ਦੀ ਪੁਸ਼ਟੀ ਕੀਤੀ ਗਈ। ਇਸ ਤੋਂ ਬਾਅਦ ਨੱਕ ਤੋਂ ਦੁਬਾਰਾ ਨਮੂਨਾ ਲਿਆ ਗਿਆ ਪਰ ਇਸ ਵਾਰ ਵੀ ਉਹ ਇਨਫਲੂਐਂਜ਼ਾ ਲਈ ਨਕਾਰਾਤਮਕ ਨਿਕਲਿਆ। ਇਸ ਤੋਂ ਬਾਅਦ H5N1 ਇਨਫੈਕਸ਼ਨ ਦੀ ਜਾਣਕਾਰੀ ਰਾਜ ਨੂੰ ਦਿੱਤੀ ਗਈ। ਮਿਸ਼ੀਗਨ ਦੇ ਸਿਹਤ ਵਿਭਾਗ ਨੇ ਕਿਹਾ ਕਿ ਸੰਕਰਮਿਤ ਵਿਅਕਤੀ ਹੁਣ ਠੀਕ ਹੋ ਗਿਆ ਹੈ। ਉਹ ਇਸ ਬਾਰੇ ਕੋਈ ਵਾਧੂ ਪਛਾਣ ਜਾਣਕਾਰੀ ਪ੍ਰਗਟ ਨਹੀਂ ਕਰੇਗਾ।

# ਅਮਰੀਕਾ ’ਚ ਸੁਰੱਖਿਅਤ ਨਹੀਂ ‘ਅਮੀਰ ਭਾਰਤੀ’, ਗੈਂਗਸਟਰਾਂ ਤੋਂ ਮਿਲ ਰਹੀਆਂ ਜਾਨੋਂ ਮਾਰਨ ਦੀਆਂ ਧਮਕੀਆਂ

ਅਮਰੀਕਾ ’ਚ ਅਮੀਰ ਭਾਰਤੀ ਜਬਰੀ ਵਸੂਲੀ ਕਰਨ ਵਾਲੇ ਗੈਂਗਸਟਰਾਂ ਦੇ ਨਿਸ਼ਾਨੇ ’ਤੇ ਹਨ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ. ਬੀ. ਆਈ.) ਦੇ ਸੈਕਰਾਮੈਂਟੋ ਫੀਲਡ ਆਫਿਸ ਨੇ ਭਾਰਤ ਨਾਲ ਪਰਿਵਾਰਕ ਜਾਂ ਵਪਾਰਕ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਜਬਰੀ ਵਸੂਲੀ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ। ਐੱਫ. ਬੀ. ਆਈ. ਨੇ ਚਿਤਾਵਨੀ ’ਚ ਕਿਸੇ ਗੈਂਗ ਜਾਂ ਗੈਂਗਸਟਰ ਦਾ ਵਰਣਨ ਨਹੀਂ ਕੀਤਾ ਹੈ।

ਰਿਪੋਰਟ ’ਚ ਐੱਫ. ਬੀ. ਆਈ. ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਅਜਿਹੀ ਜਾਣਕਾਰੀ ਮਿਲੀ ਹੈ ਕਿ ਸ਼ਹਿਰ ’ਚ ਇਕ ਵੱਡਾ ਫਿਰੌਤੀ ਰੈਕੇਟ ਚੱਲ ਰਿਹਾ ਹੈ, ਜੋ ਭਾਰਤੀ ਮੂਲ ਦੇ ਲੋਕਾਂ ਨੂੰ ਡਰਾ-ਧਮਕਾ ਕੇ ਮੋਟੀ ਰਕਮ ਵਸੂਲ ਰਿਹਾ ਹੈ। ਪੈਸੇ ਨਾ ਦੇਣ ’ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਕਈ ਥਾਵਾਂ ’ਤੇ ਗੋਲੀਆਂ ਵੀ ਚਲਾਈਆਂ ਗਈਆਂ ਹਨ। ਐੱਫ. ਬੀ. ਆਈ. ਨੇ ਇਕ ਹੈਲਪਲਾਈਨ ਨੰਬਰ ਜਾਰੀ ਕਰਕੇ ਉਥੇ ਰਹਿ ਰਹੇ ਸਾਰੇ ਭਾਰਤੀ ਮੂਲ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਸ ਨੂੰ ਵੱਧ ਤੋਂ ਵੱਧ ਅਜਿਹੇ ਮਾਮਲਿਆਂ ਬਾਰੇ ਜਾਣਕਾਰੀ ਦੇਣ ਤੇ ਮਾਮਲੇ ਦੀ ਰਿਪੋਰਟ ਕਰਨ।ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ’ਚ ਭਾਰਤੀ ਮੂਲ ਦੇ ਲੋਕਾਂ ਨੂੰ ਐੱਫ. ਬੀ. ਆਈ. ਵਲੋਂ ਜਾਰੀ ਕੀਤੀ ਗਈ ਇਸ ਚਿਤਾਵਨੀ ’ਤੇ ਭਾਰਤੀ ਖੁਫ਼ੀਆ ਏਜੰਸੀਆਂ ਵੀ ਨਜ਼ਰ ਰੱਖ ਰਹੀਆਂ ਹਨ। ਉਹ ਪੁਲਸ ਨਾਲ ਤਾਜ਼ਾ ਸੰਪਰਕ ਬਣਾ ਕੇ ਭਾਰਤ ਤੋਂ ਫਰਾਰ ਹੋਏ ਮੋਸਟ ਵਾਂਟੇਡ ਗੈਂਗਸਟਰ ਗੋਲਡੀ ਬਰਾੜ ’ਤੇ ਸ਼ਿਕੰਜਾ ਕੱਸਣ ਦੀ ਕੋਸ਼ਿਸ਼ ਕਰ ਰਹੀਆਂ ਹਨ।



# ਜਦੋਂ ਨਿਰਾਸ਼ ਸੀ ਤਾਂ ਅਸੀਂ ਸਵੈ-ਸਨਮਾਨ ਲਈ ਖੇਡਣਾ ਸ਼ੁਰੂ ਕੀਤਾ




ਬੁੱਧਵਾਰ ਨੂੰ ਇੱਥੇ ਐਲੀਮੀਨੇਟਰ ਵਿਚ ਰਾਇਲ ਚੈਲੰਜਰਜ਼ ਬੈਂਗਲੁਰੂ (ਆਰ.ਸੀ.ਬੀ.) ਦੀ ਰਾਜਸਥਾਨ ਰਾਇਲਜ਼ ਤੋਂ ਹਾਰਨ ਤੋਂ ਬਾਅਦ ਵਿਰਾਟ ਕੋਹਲੀ ਨੇ ਕਿਹਾ ਕਿ ਜਦੋਂ ਖਿਡਾਰੀ ਲਗਾਤਾਰ ਹਾਰਨ ਕਾਰਨ ਨਿਰਾਸ਼ ਸਨ ਤਾਂ ਅਸੀਂ ਸਵੈ-ਮਾਣ ਲਈ ਖੇਡਣਾ ਸ਼ੁਰੂ ਕੀਤਾ ਅਤੇ ਇੰਡੀਅਨ ਪ੍ਰੀਮੀਅਰ ਲੀਗ (IPL) 2024 ਦੇ ਪਲੇਆਫ ਵਿੱਚ ਜਗ੍ਹਾ ਬਣਾਉਣ ਵਿੱਚ ਸਫਲਤਾ ਪ੍ਰਾਪਤ ਕੀਤੀ। ਆਰਸੀਬੀ ਨੇ ਆਪਣੇ ਪਹਿਲੇ ਅੱਠ ਮੈਚਾਂ ਵਿੱਚੋਂ ਸੱਤ ਹਾਰੇ ਸਨ ਪਰ ਅਗਲੇ ਛੇ ਮੈਚ ਜਿੱਤਣ ਲਈ ਸ਼ਾਨਦਾਰ ਵਾਪਸੀ ਕੀਤੀ, ਜਿਸ ਵਿੱਚ ਪਿਛਲੀ ਚੈਂਪੀਅਨ ਚੇਨਈ ਸੁਪਰ ਕਿੰਗਜ਼ ਦੇ ਖਿਲਾਫ ਇੱਕ ਰੋਮਾਂਚਕ ਫਾਈਨਲ ਲੀਗ ਮੈਚ ਵੀ ਸ਼ਾਮਲ ਹੈ, ਜਿਸ ਨਾਲ ਉਨ੍ਹਾਂ ਨੂੰ ਪਲੇਆਫ ਵਿੱਚ ਥਾਂ ਬਣਾਉਣ ਵਿੱਚ ਮਦਦ ਮਿਲੀ। ਐਲੀਮੀਨੇਟਰ ਵਿੱਚ ਰਾਜਸਥਾਨ ਰਾਇਲਜ਼ ਨਾਲ ਉਸਦੀ ਟੱਕਰ ਤੈਅ ਹੋਈ ਸੀ। ਕੋਹਲੀ ਨੇ ਬੁੱਧਵਾਰ ਨੂੰ ਅਹਿਮਦਾਬਾਦ 'ਚ ਰਾਜਸਥਾਨ ਰਾਇਲਸ ਤੋਂ ਚਾਰ ਵਿਕਟਾਂ ਦੀ ਹਾਰ ਤੋਂ ਬਾਅਦ ਆਪਣੇ ਸਾਥੀਆਂ ਨਾਲ 'ਡਰੈਸਿੰਗ ਰੂਮ ਚੈਟ' 'ਚ ਕਿਹਾ, ''ਅਸੀਂ ਆਪਣੇ ਆਪ ਨੂੰ ਪ੍ਰਗਟ ਕਰਨਾ ਸ਼ੁਰੂ ਕੀਤਾ, ਆਪਣੇ ਸਨਮਾਨ ਅਤੇ ਆਪਣੇ ਆਤਮ ਵਿਸ਼ਵਾਸ ਲਈ ਖੇਡਣਾ ਸ਼ੁਰੂ ਕੀਤਾ।'' ''ਉਸ ਨੇ ਕਿਹਾ,''ਜਿਸ ਤਰੀਕੇ ਨਾਲ ਅਸੀਂ ਚੀਜ਼ਾਂ ਨੂੰ ਮੋੜਿਆ ਅਤੇ ਪਲੇਆਫ ਲਈ ਕੁਆਲੀਫਾਈ ਕੀਤਾ, ਇਹ ਸੱਚਮੁੱਚ ਖਾਸ ਸੀ। ਇਹ ਉਹ ਚੀਜ਼ ਹੈ ਜੋ ਮੈਨੂੰ ਹਮੇਸ਼ਾ ਯਾਦ ਰਹੇਗੀ ਕਿਉਂਕਿ ਇਸ ਟੀਮ ਦੇ ਹਰ ਮੈਂਬਰ ਨੇ ਇਸ ਲਈ ਬਹੁਤ ਜਨੂੰਨ ਦਿਖਾਇਆ। ਸਾਨੂੰ ਇਸ 'ਤੇ ਮਾਣ ਹੈ। ਅਤੇ ਅੰਤ ਵਿੱਚ ਅਸੀਂ ਖੇਡਿਆ ਜਿਵੇਂ ਅਸੀਂ ਖੇਡਣਾ ਚਾਹੁੰਦੇ ਸੀ। ਆਰਸੀਬੀ ਨੇ ਐਲੀਮੀਨੇਟਰ ਵਿੱਚ ਅੱਠ ਵਿਕਟਾਂ 'ਤੇ 172 ਦੌੜਾਂ ਬਣਾਈਆਂ ਅਤੇ ਰਾਜਸਥਾਨ ਰਾਇਲਜ਼ ਨੇ 19 ਓਵਰਾਂ ਵਿੱਚ ਛੇ ਵਿਕਟਾਂ ਗੁਆ ਕੇ ਇਹ ਟੀਚਾ ਹਾਸਲ ਕਰ ਲਿਆ।

ਆਰਸੀਬੀ ਦੇ ਕਪਤਾਨ ਫਾਫ ਡੂ ਪਲੇਸਿਸ ਨੇ ਕਿਹਾ ਕਿ ਇੰਨੀ ਸ਼ਾਨਦਾਰ ਵਾਪਸੀ ਤੋਂ ਬਾਅਦ ਉਮੀਦ ਹੋਰ ਅੱਗੇ ਵਧਣ ਦੀ ਸੀ। ਡੂ ਪਲੇਸਿਸ ਨੇ ਕਿਹਾ, "ਪਿਛਲੇ ਛੇ ਮੈਚ ਅਸਲ ਵਿੱਚ ਖਾਸ ਸਨ ਜਿੱਥੇ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲ ਗਈਆਂ। ਜਦੋਂ ਤੁਸੀਂ ਕੁਝ ਖਾਸ ਕਰਦੇ ਹੋ, ਤਾਂ ਤੁਸੀਂ ਉਮੀਦ ਕਰਦੇ ਹੋ ਕਿ ਇਹ ਹੋਰ ਵੀ ਖਾਸ ਹੋਵੇਗਾ। ਉਸਨੇ ਕਿਹਾ, "ਜਦੋਂ ਸੈਸ਼ਨ ਅੱਧਾ ਖਤਮ ਹੋ ਗਿਆ ਸੀ, ਅਸੀਂ ਕਾਫ਼ੀ ਨਿਰਾਸ਼ ਸੀ। ਪਰ ਇੱਕ ਵਾਰ ਜਦੋਂ ਸਾਨੂੰ ਲੈਅ ਮਿਲ ਗਈ, ਅਸੀਂ ਇਸ ਨਾਲ ਖੇਡਦੇ ਰਹੇ। ਅਫ਼ਸੋਸ ਦੀ ਗੱਲ ਹੈ ਕਿ ਇੱਕ ਟੀਮ ਦੇ ਤੌਰ 'ਤੇ ਅਸੀਂ ਟਰਾਫੀ ਜਿੱਤਣ ਲਈ ਅੰਤਿਮ ਦੋ ਕਦਮਾਂ ਤੋਂ ਪਹਿਲਾਂ ਹੀ ਬਾਹਰ ਹੋ ਗਏ। ਪਰ ਜੇਕਰ ਮੈਂ ਸੀਜ਼ਨ 'ਤੇ ਨਜ਼ਰ ਮਾਰਦਾ ਹਾਂ, ਅਸੀਂ ਕਿੱਥੇ ਸੀ ਅਤੇ ਜਿੱਥੇ ਅਸੀਂ ਮੁਹਿੰਮ ਨੂੰ ਖਤਮ ਕੀਤਾ, ਮੈਨੂੰ ਟੀਮ ਦੇ ਲੜਕਿਆਂ 'ਤੇ ਮਾਣ ਹੈ।

---




# ਸਖ਼ਤ ਮੁਕਾਬਲੇ ਦੀ ਉਮੀਦ, ਪਿੱਚ ਰਿਪੋਰਟ ਤੇ ਸੰਭਾਵਿਤ ਪਲੇਇੰਗ 11 ਵੀ ਦੇਖੋ

ਸਨਰਾਈਜ਼ਰਸ ਹੈਦਰਾਬਾਦ ਅਤੇ ਰਾਜਸਥਾਨ ਰਾਇਲਸ ਵਿਚਾਲੇ ਆਈਪੀਐੱਲ ਕੁਆਲੀਫਾਇਰ 2 ਦਾ ਮੈਚ ਅੱਜ ਸ਼ਾਮ 7.30 ਵਜੇ ਐੱਮਏ ਚਿਦੰਬਰਮ ਸਟੇਡੀਅਮ, ਚੇਨਈ 'ਚ ਖੇਡਿਆ ਜਾਵੇਗਾ। ਇਹ ਮੈਚ ਆਈਪੀਐੱਲ ਦੇ ਸਰਵੋਤਮ ਪਾਵਰ ਹਿੱਟਰ ਟ੍ਰੈਵਿਡ ਹੈੱਡ ਅਤੇ ਅਭਿਸ਼ੇਕ ਸ਼ਰਮਾ ਅਤੇ ਯੁਜਵੇਂਦਰ ਚਾਹਲ ਅਤੇ ਰਵੀਚੰਦਰਨ ਅਸ਼ਵਿਨ ਦੀ ਚਤੁਰ ਸਪਿਨ ਜੋੜੀ ਵਿਚਕਾਰ ਹੋਵੇਗਾ। ਦੋਵੇਂ ਟੀਮਾਂ ਜਿੱਤ ਦਰਜ ਕਰਕੇ ਫਾਈਨਲ ਵਿੱਚ ਪਹੁੰਚਣਾ ਚਾਹੁਣਗੀਆਂ ਜਿੱਥੇ ਉਨ੍ਹਾਂ ਦਾ ਸਾਹਮਣਾ ਕੋਲਕਾਤਾ ਨਾਈਟ ਰਾਈਡਰਜ਼ ਨਾਲ ਹੋਵੇਗਾ।

ਹੈੱਡ ਟੂ ਹੈੱਡ

ਕੁੱਲ ਮੈਚ - 19

ਹੈਦਰਾਬਾਦ - 10 ਜਿੱਤਾਂ

ਰਾਜਸਥਾਨ - 9 ਜਿੱਤਾਂ

ਪਿੱਚ ਰਿਪੋਰਟ

ਚੇਨਈ ਦੇ ਐੱਮਏ ਚਿਦੰਬਰਮ ਸਟੇਡੀਅਮ ਦੀਆਂ ਪਿੱਚਾਂ ਸਪਿਨਰਾਂ ਲਈ ਮਦਦਗਾਰ ਹਨ ਜੋ ਬੱਲੇਬਾਜ਼ਾਂ ਲਈ ਮੁਸ਼ਕਲਾਂ ਪੈਦਾ ਕਰਦੀਆਂ ਹਨ। ਹਾਲਾਂਕਿ ਚੇਨਈ ਦੀ ਪਿੱਚ ਨੇ ਇਸ ਸੀਜ਼ਨ ਵਿੱਚ ਵੱਖੋ-ਵੱਖਰੇ ਨਤੀਜੇ ਦਿੱਤੇ ਹਨ, ਕੁਝ ਮੈਚਾਂ ਵਿੱਚ 200 ਤੋਂ ਵੱਧ ਦੌੜਾਂ ਬਣਾਈਆਂ ਗਈਆਂ ਹਨ ਜਦੋਂ ਕਿ ਹੋਰਾਂ ਨੇ ਘੱਟ ਸਕੋਰ ਬਣਾਏ ਹਨ।

ਮੌਸਮ

24 ਮਈ ਸ਼ੁੱਕਰਵਾਰ ਨੂੰ ਚੇਨਈ 'ਚ ਮੀਂਹ ਦੀ ਕੋਈ ਸੰਭਾਵਨਾ ਨਹੀਂ ਹੈ। ਚੇਨਈ ਵਿੱਚ ਸ਼ਾਮ ਨੂੰ 71 ਫੀਸਦੀ ਨਮੀ ਦੇ ਨਾਲ ਤਾਪਮਾਨ 36 ਡਿਗਰੀ ਸੈਲਸੀਅਸ ਦੇ ਆਸਪਾਸ ਰਹੇਗਾ। ਐੱਮਏ ਚਿਦੰਬਰਮ ਸਟੇਡੀਅਮ 'ਚ ਹਵਾ ਦੀ ਰਫਤਾਰ ਲਗਭਗ 19 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।

ਸੰਭਾਵਿਤ ਪਲੇਇੰਗ 11

ਸਨਰਾਈਜ਼ਰਜ਼ ਹੈਦਰਾਬਾਦ: ਟ੍ਰੈਵਿਸ ਹੈੱਡ, ਅਭਿਸ਼ੇਕ ਸ਼ਰਮਾ, ਰਾਹੁਲ ਤ੍ਰਿਪਾਠੀ, ਨਿਤੀਸ਼ ਰੈੱਡੀ, ਸ਼ਾਹਬਾਜ਼ ਅਹਿਮਦ, ਹੇਨਰਿਕ ਕਲਾਸੇਨ, ਅਬਦੁਲ ਸਮਦ, ਪੈਟ ਕਮਿੰਸ (ਕਪਤਾਨ), ਭੁਵਨੇਸ਼ਵਰ ਕੁਮਾਰ, ਵਿਜੇਕਾਂਤ ਵਿਆਸਕਾਂਤ, ਟੀ ਨਟਰਾਜਨ।

ਰਾਜਸਥਾਨ ਰਾਇਲਜ਼ : ਟਾਮ ਕੋਹਲਰ-ਕੈਡਮੋਰ, ਯਸ਼ਸਵੀ ਜਾਇਸਵਾਲ, ਸੰਜੂ ਸੈਮਸਨ (ਕਪਤਾਨ/ਵਿਕਟਕੀਪਰ), ਰਿਆਨ ਪਰਾਗ, ਧਰੁਵ ਜੁਰੇਲ, ਰੋਵਮੈਨ ਪਾਵੇਲ, ਰਵੀਚੰਦਰਨ ਅਸ਼ਵਿਨ, ਟ੍ਰੇਂਟ ਬੋਲਟ, ਅਵੇਸ਼ ਖਾਨ, ਸੰਦੀਪ ਸ਼ਰਮਾ, ਯੁਜਵੇਂਦਰ ਚਾਹਲ

---

# IPL 'ਚ ਵੱਡੇ ਸਕੋਰ ਬੱਲੇਬਾਜ਼ਾਂ ਦੇ ਹੁਨਰ ਦੇ ਕਾਰਨ, ਇੰਪੈਕਟ ਖਿਡਾਰੀ ਨਿਯਮ ਦੇ ਕਾਰਨ ਨਹੀਂ

ਰਵੀਚੰਦਰਨ ਅਸ਼ਵਿਨ ਨੇ ਆਈਪੀਐੱਲ ਦੇ ਮੌਜੂਦਾ ਸੀਜ਼ਨ ਵਿੱਚ ਵੱਡੇ ਸਕੋਰ ਦਾ ਕਾਰਨ ਇਕੱਲੇ ਖਿਡਾਰੀ ਦੇ ਪ੍ਰਭਾਵ ਨੂੰ ਨਹੀਂ ਮੰਨਿਆ ਅਤੇ ਭਾਰਤ ਦੇ ਚੋਟੀ ਦੇ ਸਪਿਨਰ ਨੇ ਇਸ ਦਾ ਸਿਹਰਾ ਬੱਲੇਬਾਜ਼ਾਂ ਦੇ ਵਿਕਾਸ ਨੂੰ ਦਿੱਤਾ। ਅਸ਼ਵਿਨ ਨੇ ਗੇਂਦਬਾਜ਼ਾਂ ਨੂੰ ਵੀ ਅਪੀਲ ਕੀਤੀ ਕਿ ਉਹ ਖੇਡ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਆਪਣੇ ਬੱਲੇਬਾਜ਼ੀ ਹੁਨਰ 'ਤੇ ਕੰਮ ਕਰਨ। ਮੌਜੂਦਾ ਸੀਜ਼ਨ 'ਚ ਬੱਲੇਬਾਜ਼ੀ ਦੇ ਕੁਝ ਸ਼ਾਨਦਾਰ ਰਿਕਾਰਡ ਬਣਾਏ ਗਏ ਹਨ।

ਲੀਗ ਪੜਾਅ ਵਿੱਚ, ਟੀਮਾਂ ਨੇ 41 ਵਾਰ 200 ਦੌੜਾਂ ਦਾ ਅੰਕੜਾ ਪਾਰ ਕੀਤਾ ਜਦੋਂ ਕਿ ਅੱਠ ਮੌਕਿਆਂ 'ਤੇ 250 ਤੋਂ ਵੱਧ ਦੌੜਾਂ ਬਣਾਈਆਂ ਗਈਆਂ। ਆਈਪੀਐੱਲ ਵਿੱਚ 287 ਦੌੜਾਂ ਦਾ ਰਿਕਾਰਡ ਟੀਮ ਨੇ ਮੌਜੂਦਾ ਸੀਜ਼ਨ ਵਿੱਚ ਹੀ ਬਣਾਇਆ ਸੀ। ਅਸ਼ਵਿਨ ਨੇ ਬੁੱਧਵਾਰ ਨੂੰ ਇੱਥੇ ਐਲੀਮੀਨੇਟਰ 'ਚ ਰਾਜਸਥਾਨ ਰਾਇਲਜ਼ ਦੀ ਰਾਇਲ ਚੈਲੇਂਜਰਸ ਬੈਂਗਲੁਰੂ 'ਤੇ ਚਾਰ ਵਿਕਟਾਂ ਦੀ ਜਿੱਤ ਤੋਂ ਬਾਅਦ 'ਜੀਓ ਸਿਨੇਮਾ' ਨੂੰ ਕਿਹਾ, 'ਭਾਵੇਂ ਇੰਪੈਕਟ ਪਲੇਅਰ ਨਿਯਮ ਲਾਗੂ ਨਾ ਹੁੰਦਾ ਤਾਂ ਵੀ ਸਕੋਰ ਇੰਨੇ ਹੀ ਜ਼ਿਆਦਾ ਬਣਦੇ।' ਉਨ੍ਹਾਂ ਨੇ ਕਿਹਾ, 'ਮੇਰੇ ਦ੍ਰਿਸ਼ਟੀਕੋਣ ਤੋਂ, ਬੱਲੇਬਾਜ਼ਾਂ ਨੂੰ ਹੁਣ ਵਧੇਰੇ ਆਤਮਵਿਸ਼ਵਾਸ ਹੈ ਅਤੇ ਪਿੱਚਾਂ ਨੂੰ ਹਰ ਜਗ੍ਹਾ ਮਿਆਰੀ ਬਣਾਇਆ ਗਿਆ ਹੈ।'



# ਦੀਪਿਕਾ ਪਾਦੁਕੋਣ ਨੇ ਕਰਵਾਇਆ ਫੋਟੋਸ਼ੂਟ, ਬੇਬੀ ਬੰਪ ਕੀਤਾ ਫਲਾਂਟ



ਅਦਾਕਾਰਾ ਦੀਪਿਕਾ ਪਾਦੁਕੋਣ ਇਨ੍ਹੀਂ ਦਿਨੀਂ ਆਪਣੀ ਪ੍ਰੈਗਨੈਂਸੀ ਨੂੰ ਲੈ ਕੇ ਸੁਰਖੀਆਂ 'ਚ ਹੈ। ਉਹ ਜਲਦੀ ਹੀ ਪਤੀ ਰਣਵੀਰ ਸਿੰਘ ਨਾਲ ਪਹਿਲੇ ਬੱਚੇ ਦਾ ਸਵਾਗਤ ਕਰੇਗੀ। ਅਜਿਹੇ 'ਚ ਪ੍ਰਸ਼ੰਸਕਾਂ ਦੀਆਂ ਨਜ਼ਰਾਂ ਹਮੇਸ਼ਾ ਪ੍ਰੈਗਨੈਂਸੀ ਦੇ ਦੌਰ ਦਾ ਆਨੰਦ ਲੈ ਰਹੀ ਦੀਪਿਕਾ ਦੇ ਲੁੱਕ 'ਤੇ ਰਹਿੰਦੀਆਂ ਹਨ। ਹਾਲ ਹੀ 'ਚ ਅਦਾਕਾਰਾ ਦਾ ਨਵਾਂ ਲੁੱਕ ਸਾਹਮਣੇ ਆਇਆ ਹੈ, ਜਿਸ ਨੂੰ ਪ੍ਰਸ਼ੰਸਕਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਦੱਸ ਦਈਏ ਕਿ ਦੀਪਿਕਾ ਪਾਦੁਕੋਣ ਦੇ ਲੇਟੈਸਟ ਲੁੱਕ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ 'ਚ ਅਦਾਕਾਰਾ ਪੀਲੇ ਰੰਗ ਦੀ ਮੈਕਸੀ ਡਰੈੱਸ 'ਚ ਨਜ਼ਰ ਆ ਰਹੀ ਹੈ। ਇਸ ਡਰੈੱਸ 'ਚ ਅਦਾਕਾਰਾ ਆਪਣਾ ਬੇਬੀ ਬੰਪ ਫਲਾਂਟ ਕਰਦੀ ਨਜ਼ਰ ਆ ਰਹੀ ਹੈ ਅਤੇ ਕਾਫ਼ੀ ਖ਼ੂਬਸੂਰਤ ਲੱਗ ਰਹੀ ਹੈ।ਅਦਾਕਾਰਾ ਦੇ ਚਿਹਰੇ 'ਤੇ ਗਰਭ ਅਵਸਥਾ ਦੀ ਚਮਕ ਦਿਖਾਈ ਦਿੰਦੀ ਹੈ ਕਿਉਂਕਿ ਉਸ ਨੇ ਹਲਕੀ ਗੁਲਾਬੀ ਲਿਪਸਟਿਕ, ਝੁਮਕੇ ਅਤੇ ਨੀਵੇਂ ਜੂੜੇ ਨਾਲ ਆਪਣੀ ਦਿੱਖ ਨੂੰ ਪੂਰਾ ਕੀਤਾ ਹੋਇਆ ਹੈ। ਦੀਪਿਕਾ ਦੀਆਂ ਇਨ੍ਹਾਂ ਤਸਵੀਰਾਂ ਨੂੰ ਪ੍ਰਸ਼ੰਸਕ ਕਾਫੀ ਪਸੰਦ ਕਰ ਰਹੇ ਹਨ। ਦੱਸਣਯੋਗ ਹੈ ਕਿ ਦੀਪਿਕਾ ਪਾਦੂਕੋਣ ਅਤੇ ਰਣਵੀਰ ਸਿੰਘ ਨੇ ਇਸ ਸਾਲ ਫਰਵਰੀ 'ਚ ਪ੍ਰੈਗਨੈਂਸੀ ਦਾ ਐਲਾਨ ਕੀਤਾ ਸੀ। ਹੁਣ ਇਹ ਜੋੜਾ ਸਤੰਬਰ 'ਚ ਆਪਣੇ ਪਹਿਲੇ ਬੱਚੇ ਦਾ ਸਵਾਗਤ ਕਰੇਗਾ।

ਦੱਸਣਯੋਗ ਹੈ ਕਿ ਹਾਲ ਹੀ 'ਚ ਆਲੀਆ ਭੱਟ ਨੇ ਲੰਡਨ 'ਚ ਹੋਏ ਗੁਚੀ ਈਵੈਂਟ 'ਚ ਸ਼ਿਰਕਤ ਕੀਤੀ। ਹੁਣ ਇਹ ਅਦਾਕਾਰਾ ਜਲਦ ਹੀ ਇਸ ਸਾਲ ਸਤੰਬਰ 'ਚ ਰਿਲੀਜ਼ ਹੋਣ ਵਾਲੀ ਫ਼ਿਲਮ 'ਜਿਗਰਾ' 'ਚ ਨਜ਼ਰ ਆਵੇਗੀ। ਇਸ ਤੋਂ ਇਲਾਵਾ ਉਸ ਕੋਲ 'ਲਵ ਐਂਡ ਵਾਰ' ਅਤੇ ਇਕ ਜਾਸੂਸੀ ਥ੍ਰਿਲਰ ਫ਼ਿਲਮ ਵੀ ਹੈ।

# ਸੁਸ਼ਾਂਤ ਸਿੰਘ ਰਾਜਪੂਤ ਦੀ ਤਰ੍ਹਾਂ ਦਿਖਦਾ ਹੈ ਇਹ ਲੜਕਾ, ਵੀਡੀਓ ਦੇਖ ਫੈਨਜ਼ ਹੋਏ ਹੈਰਾਨ

ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਭਾਵੇਂ ਇਸ ਦੁਨੀਆ 'ਚ ਨਹੀਂ ਰਹੇ ਪਰ ਪ੍ਰਸ਼ੰਸਕ ਉਨ੍ਹਾਂ ਨੂੰ ਕਈ ਮੌਕਿਆਂ 'ਤੇ ਯਾਦ ਕਰਦੇ ਹਨ। ਹੁਣ ਹਾਲ ਹੀ 'ਚ ਸੋਸ਼ਲ ਮੀਡੀਆ 'ਤੇ ਇਕ ਵਿਅਕਤੀ ਦਾ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਨੂੰ ਦੇਖ ਕੇ ਹਰ ਕੋਈ ਸੁਸ਼ਾਂਤ ਸਿੰਘ ਰਾਜਪੂਤ ਨੂੰ ਮਹਿਸੂਸ ਕਰ ਰਹੇ ਹਨ। ਲੋਕ ਉਸ ਨੂੰ ਅਦਾਕਾਰ ਵਰਗਾ ਦੱਸ ਕੇ ਮਿਲਣ ਦੀ ਇੱਛਾ ਜ਼ਾਹਰ ਕਰ ਰਹੇ ਹਨ।ਦੱਸ ਦਈਏ ਕਿ ਇੰਸਟਾਗ੍ਰਾਮ ਪੇਜ 'ਤੇ ਸ਼ੇਅਰ ਕੀਤੀ ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਅਯਾਨ ਨਾਂ ਦਾ ਲੜਕਾ ਬਿਲਕੁਲ ਸੁਸ਼ਾਂਤ ਵਰਗਾ ਦਿਖ ਰਿਹਾ ਹੈ। ਉਸ ਦਾ ਹੇਅਰ ਸਟਾਈਲ, ਮੁਸਕਰਾਹਟ, ਅੱਖਾਂ ਬਿਲਕੁਲ ਸੁਸ਼ਾਂਤ ਸਿੰਘ ਰਾਜਪੂਤ ਵਰਗੀਆਂ ਹਨ। ਫੈਨਜ਼ ਅਯਾਨ ਦੇ ਇਸ ਵੀਡੀਓ ਨੂੰ ਕਾਫੀ ਪਸੰਦ ਕਰ ਰਹੇ ਹਨ ਅਤੇ ਕੁਮੈਂਟ ਕਰਕੇ ਸੁਸ਼ਾਂਤ ਸਿੰਘ ਨੂੰ ਯਾਦ ਕਰ ਰਹੇ ਹਨ।





# ਗਾਇਕ ਰੰਮੀ ਰੰਧਾਵਾ 'ਤੇ ਪਰਚਾ ਦਰਜ, ਪ੍ਰੇਮਿਕਾ ਨਾਲ ਮਿਲ ਦਿੱਤਾ ਚੋਰੀ ਦੀ ਵਾਰਦਾਤ ਨੂੰ ਅੰਜ਼ਾਮ



ਸੱਭਿਆਚਾਰਕ ਗਾਇਕ ਜੋੜੀ ਰੰਮੀ ਰੰਧਾਵਾ ਤੇ ਪ੍ਰਿੰਸ ਰੰਧਾਵਾ ਹਮੇਸ਼ਾ ਹੀ ਆਪਣੇ ਵਿਵਾਦਾਂ ਨੂੰ ਲੈ ਕੇ ਸੁਰਖੀਆਂ 'ਚ ਬਣੇ ਰਹਿੰਦੇ ਹਨ। ਇਸ ਵੇਲੇ ਦੀ ਵੱਡੀ ਖ਼ਬਰ ਰੰਮੀ ਰੰਧਾਵਾ ਨੂੰ ਲੈ ਕੇ ਆ ਰਹੀ ਹੈ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਗਾਇਕ ਰੰਮੀ ਰੰਧਾਵਾ ਅਤੇ ਉਸ ਦੀ ਪ੍ਰੇਮਿਕਾ 'ਤੇ ਚੋਰੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰੰਮੀ ਰੰਧਾਵਾ ਦੇ ਇਕ ਵਿਆਹੁਤਾ ਮਹਿਲਾ ਨਾਲ ਸੰਬੰਧ ਹਨ। ਜਿਹੜੀ ਮਹਿਲਾ ਨਾਲ ਰੰਮੀ ਰੰਧਾਵਾ ਦੇ ਸੰਬੰਧ ਦੱਸੇ ਜਾ ਰਹੇ ਹਨ, ਉਸੇ ਦੇ ਘਰਵਾਲੇ (ਰਾਕੇਸ਼) ਨੇ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਹੈ, ਜਿਸ 'ਚ ਉਸ ਦੱਸਿਆ ਕਿ ਮੇਰਾ ਰਾਜਵਿੰਦਰ ਕੌਰ ਨਾਲ 2013 'ਚ ਵਿਆਹ ਹੋਇਆ ਸੀ। ਪਿਛਲੇ 5 ਸਾਲਾਂ ਤੋਂ ਰਾਜਵਿੰਦਰ ਗਾਇਕ ਰੰਮੀ ਨਾਲ ਰਹਿ ਰਹੀ ਹੈ। ਜਦੋਂ ਮੈਂ ਆਪਣੀ ਪਤਨੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਰੰਮੀ ਰੰਧਾਵਾ ਵਲੋਂ ਮੈਨੂੰ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ।ਮਹਿਲਾ ਦੇ ਪਤੀ ਨੇ ਦੱਸਿਆ ਕਿ ਮੇਰੀ ਪਤਨੀ ਆਪਣੇ ਆਸ਼ਕ ਨਾਲ ਆ ਕੇ ਘਰ ਦੇ ਬਾਹਰ ਖੜ੍ਹੀ ਸਕੂਟਰੀ ਲੈ ਜਾਂਦੀ ਹੈ। ਇਹ ਸਾਰੀ ਵਾਰਦਾਤ ਲੱਗੇ CCTV ਕੈਮਰੇ 'ਚ ਕੈਦ ਹੋ ਗਈ ਹੈ। ਇਸੇ ਦੇ ਆਧਾਰ 'ਤੇ ਰੰਮੀ ਰੰਧਾਵਾ ਤੇ ਮਹਿਲਾ (ਰਾਜਵਿੰਦਰ ਕੌਰ) 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਹੁਣ ਇਸੇ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਐਸ਼ਵਰਿਆ ਰਾਏ ਨੇ ਮਨਾਇਆ ਆਪਣੀ ਮਾਂ ਦਾ ਜਨਮਦਿਨ

ਮਸ਼ਹੂਰ ਅਦਾਕਾਰਾ ਐਸ਼ਵਰਿਆ ਰਾਏ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ ਅਤੇ ਅਕਸਰ ਹੀ ਕੋਈ ਨਾ ਕੋਈ ਪੋਸਟ ਸ਼ੇਅਰ ਕਰਦੀ ਰਹਿੰਦੀ ਹੈ। ਹੁਣ ਹਾਲ ਹੀ 'ਚ ਐਸ਼ਵਰਿਆ ਰਾਏ ਨੇ ਆਪਣੀ ਮਾਂ ਦਾ ਜਨਮਦਿਨ ਆਪਣੇ ਪਰਿਵਾਰ ਨਾਲ ਦੇਰ ਰਾਤ ਮਨਾਇਆ, ਜਿਸ ਦੀਆਂ ਖ਼ੂਬਸੂਰਤ ਤਸਵੀਰਾਂ ਉਸ ਨੇ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਸ਼ੇਅਰ ਕੀਤੀਆਂ ਹਨ, ਜੋ ਇੰਟਰਨੈੱਟ 'ਤੇ ਵਾਇਰਲ ਹੋ ਰਹੀਆਂ ਹਨ।ਦੱਸ ਦਈਏ ਕਿ ਮਾਂ ਬਰਿੰਦਾ ਰਾਏ ਦੇ ਜਨਮਦਿਨ ਦੇ ਜਸ਼ਨ ਦੀਆਂ ਤਸਵੀਰਾਂ ਸ਼ੇਅਰ ਕਰਦੇ ਹੋਏ ਐਸ਼ਵਰਿਆ ਰਾਏ ਨੇ ਆਪਣੇ ਇੰਸਟਾਗ੍ਰਾਮ ਪੋਸਟ ਦੇ ਕੈਪਸ਼ਨ 'ਚ ਲਿਖਿਆ- 'ਲਵ ਯੂ ਬਰਥਡੇ ਗਰਲ, ਡੀਅਰਸਟ ਮੋਮੀ-ਡੋਡਾ।' ਤਸਵੀਰਾਂ 'ਚ ਦੇਖਿਆ ਜਾ ਸਕਦਾ ਹੈ ਕਿ ਐਸ਼ਵਰਿਆ ਰਾਏ ਆਪਣੀ ਬੇਟੀ ਆਰਾਧਿਆ ਦੇ ਨਾਲ ਮਾਂ ਨਾਲ ਪੋਜ਼ ਦੇ ਰਹੀ ਹੈ। ਇਸ ਦੌਰਾਨ ਉਨ੍ਹਾਂ ਨੇ ਆਪਣੇ ਮਰਹੂਮ ਪਿਤਾ ਦੀ ਫੋਟੋ ਵੀ ਹੱਥਾਂ 'ਚ ਫੜੀ ਹੋਈ ਸੀ। ਐਸ਼ਵਰਿਆ ਅਤੇ ਆਰਾਧਿਆ ਦੇ ਨਾਲ-ਨਾਲ ਹੋਰ ਲੋਕ ਵੀ ਬਰਿੰਦਾ 'ਤੇ ਪਿਆਰ ਬਰਸਾ ਰਹੇ ਹਨ।



# ਸਿੰਗਾਪੁਰ ਚ ਮੋਟਰਸਾਈਕਲ ਦੀ ਨੰਬਰ ਪਲੇਟ ਨਾਲ ਛੇੜਛਾੜ ਕਰਨ ਦੇ ਦੋਸ਼ ਚ ਭਾਰਤੀ ਮੂਲ ਦੀ ਔਰਤ ਨੂੰ ਜੇਲ੍ਹ



ਸਿੰਗਾਪੁਰ ਵਿੱਚ ਭਾਰਤੀ ਮੂਲ ਦੀ ਇਕ ਮਲੇਸ਼ੀਅਨ ਔਰਤ ਨੂੰ ਅਕਤੂਬਰ 2019 ਤੋਂ ਫਰਵਰੀ 2020 ਦਰਮਿਆਨ ਗੈਰ-ਕਾਨੂੰਨੀ ਪਾਰਕਿੰਗ ਦੇ ਪੰਜ ਮਾਮਲਿਆਂ ਅਤੇ ‘ਇਲੈਕਟ੍ਰਾਨਿਕ ਰੋਡ ਪ੍ਰਾਈਸਿੰਗ’ (ERP) ਦੇ 14 ਮਾਮਲਿਆਂ ਵਿੱਚ ਤਿੰਨ ਹਫ਼ਤਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਦੀਵਾਨਈ ਕਰੁਣਾਨਿਧੀ (28) ਨੇ ਰੋਡ ਟੈਕਸ ਇਕੱਠਾ ਕਰਨ ਦੇ ਉਦੇਸ਼ ਲਈ ਟ੍ਰੈਫਿਕ ਦੀ ਨਿਗਰਾਨੀ ਕਰਨ ਲਈ ਇੱਥੇ ਸੜਕਾਂ 'ਤੇ ਲਗਾਏ ਗਏ ਈਆਰਪੀ ਪ੍ਰਣਾਲੀ ਦੇ ਤਹਿਤ ਲਗਾਏ ਜਾਣ ਵਾਲੇ ਸੜਕ ਵਰਤੋਂ ਦੇ ਖ਼ਰਚਿਆਂ ਤੋਂ ਬਚਣ ਲਈ ਆਪਣੇ ਮੋਟਰਸਾਈਕਲ ਦੀ ਲਾਇਸੈਂਸ ਪਲੇਟ ਵਿਚ ਬਦਲਾਅ ਕੀਤਾ ਸੀ। ਵੀਰਵਾਰ ਨੂੰ ਆਪਣੀ ਇਕ ਰਿਪੋਰਟ 'ਚ ਕਿਹਾ ਕਿ ਇਹ ਪਹਿਲਾ ਮਾਮਲਾ ਹੈ, ਜਿਸ 'ਚ ਲੈਂਡ ਟਰਾਂਸਪੋਰਟ ਅਥਾਰਟੀ (ਐੱਲ.ਟੀ.ਏ.) ਨੇ ਗੈਰ-ਕਾਨੂੰਨੀ ਗਤੀਵਿਧੀਆਂ ਦਾ ਪਤਾ ਲਗਾਉਣ ਤੋਂ ਬਚਣ ਲਈ ਗਲਤ ਲਾਇਸੈਂਸ ਪਲੇਟ ਵਾਲੇ ਵਿਦੇਸ਼ੀ ਰਜਿਸਟਰਡ ਵਾਹਨ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ।



# ਚੀਨ ‘ਚ ਚਾਕੂ ਹਮਲਾ, ਅੱਠ ਲੋਕਾਂ ਦੀ ਮੌਤ

ਮੱਧ ਚੀਨ ਦੇ ਹੁਬੇਈ ਸੂਬੇ 'ਚ ਚਾਕੂ ਨਾਲ ਕੀਤੇ ਹਮਲੇ 'ਚ ਅੱਠ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਜ਼ਖਮੀ ਹੋ ਗਿਆ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਸਿਨਹੂਆ ਨਿਊਜ਼ ਏਜੰਸੀ ਅਨੁਸਾਰ ਹਮਲਾਵਰ 53 ਸਾਲਾ ਵਿਅਕਤੀ ਜਿਸਦਾ ਉਪਨਾਮ ਲੂ ਹੈ, ਕਥਿਤ ਤੌਰ 'ਤੇ ਮਾਨਸਿਕ ਬਿਮਾਰੀ ਤੋਂ ਪੀੜਤ ਹੈ।ਉਸ ਨੇ ਜ਼ਿਆਓਗਾਨ ਸ਼ਹਿਰ ਦੇ ਜ਼ਿਆਓਵੂ ਟਾਊਨਸ਼ਿਪ ਵਿਚ ਵੀਰਵਾਰ ਸਵੇਰੇ ਅੱਠ ਲੋਕਾਂ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਅਤੇ ਇਕ ਹੋਰ ਨੂੰ ਜ਼ਖ਼ਮੀ ਕਰ ਦਿੱਤਾ। ਜ਼ਖਮੀ ਵਿਅਕਤੀ ਨੂੰ ਜਾਨਲੇਵਾ ਜ਼ਖ਼ਮ ਨਹੀਂ ਲੱਗੇ। ਪੁਲਸ ਨੇ ਦੋਸ਼ੀ ਨੂੰ ਹਿਰਾਸਤ 'ਚ ਲੈ ਲਿਆ ਹੈ, ਜਿਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# 7 ਅਕਤੂਬਰ ਨੂੰ ਮਾਰੇ ਗਏ 3 ਹੋਰ ਬੰਧਕਾਂ ਦੀਆਂ ਲਾਸ਼ਾਂ ਗਾਜ਼ਾ ਤੋਂ ਬਰਾਮਦ

ਇਜ਼ਰਾਇਲ ਦੀ ਫੌਜ ਨੇ ਸ਼ੁੱਕਰਵਾਰ ਨੂੰ ਕਿਹਾ ਕਿ 7 ਅਕਤੂਬਰ ਨੂੰ ਮਾਰੇ ਗਏ ਤਿੰਨ ਹੋਰ ਬੰਧਕਾਂ ਦੀਆਂ ਲਾਸ਼ਾਂ ਗਾਜ਼ਾ ਤੋਂ ਰਾਤ ਦੇ ਸਮੇਂ ਬਰਾਮਦ ਕੀਤੀਆਂ ਹਨ। ਫੌਜ ਨੇ ਕਿਹਾ ਕਿ ਹਾਨਾਨ ਯਾਬਲੋਨਕਾ, ਮਿਸ਼ੇਲ ਨਿਸੇਨਬੌਮ ਅਤੇ ਓਰਿਅਨ ਹਰਨਾਂਡੇਜ਼ ਦੀਆਂ ਲਾਸ਼ਾਂ ਮਿਲੀਆਂ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਫੌਜ ਦੇ ਅਨੁਸਾਰ, ਜਿਸ ਦਿਨ ਹਮਾਸ ਨੇ ਇਜ਼ਰਾਈਲ 'ਤੇ ਹਮਲੇ ਸ਼ੁਰੂ ਕੀਤੇ, ਉਸ ਦਿਨ ਮੇਫਾਲਿਜ਼ਮ ਚੌਰਾਹੇ 'ਤੇ ਹੋਏ ਹਮਲੇ ਵਿੱਚ ਤਿੰਨੇ ਮਾਰੇ ਗਏ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਗਾਜ਼ਾ ਲਿਜਾਈਆਂ ਗਈਆਂ ਸਨ।

ਫੌਜ ਨੇ ਲਗਭਗ ਇੱਕ ਹਫ਼ਤਾ ਪਹਿਲਾਂ ਕਿਹਾ ਸੀ ਕਿ ਉਸਨੂੰ 7 ਅਕਤੂਬਰ ਨੂੰ ਮਾਰੇ ਗਏ ਤਿੰਨ ਹੋਰ ਇਜ਼ਰਾਈਲੀ ਬੰਧਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਹਮਾਸ ਦੇ ਕੱਟੜਪੰਥੀਆਂ ਨੇ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਸੀ, ਜਿਸ ਵਿਚ ਲਗਭਗ 1,200 ਲੋਕ ਮਾਰੇ ਗਏ ਸਨ। ਇਨ੍ਹਾਂ ਵਿੱਚ ਜ਼ਿਆਦਾਤਰ ਆਮ ਨਾਗਰਿਕ ਸਨ। ਹਮਾਸ ਨੇ ਕਰੀਬ 250 ਲੋਕਾਂ ਨੂੰ ਬੰਧਕ ਬਣਾ ਲਿਆ ਸੀ। ਉਦੋਂ ਤੋਂ, ਇਜ਼ਰਾਈਲ ਦੁਆਰਾ ਕੈਦ ਕੀਤੇ ਗਏ ਫਲਸਤੀਨੀਆਂ ਦੇ ਬਦਲੇ ਲਗਭਗ ਅੱਧੇ ਬੰਧਕਾਂ ਨੂੰ ਰਿਹਾ ਕੀਤਾ ਗਿਆ ਹੈ। ਇਜ਼ਰਾਈਲ ਦਾ ਦਾਅਵਾ ਹੈ ਕਿ ਗਾਜ਼ਾ ਵਿੱਚ ਕਰੀਬ 100 ਲੋਕ ਅਜੇ ਵੀ ਬੰਧਕ ਬਣਾਏ ਹੋਏ ਹਨ। ਉਸ ਨੇ 30 ਹੋਰ ਬੰਧਕਾਂ ਨੂੰ ਮਾਰਨ ਦਾ ਵੀ ਦਾਅਵਾ ਕੀਤਾ ਹੈ।





# ਅੱਲ੍ਹਾ-ਮਏ ਹਲੀਨਾ ਚਾਡ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ

ਅਫਰੀਕੀ ਦੇਸ਼ ਚਾਡ ਦੇ ਰਾਸ਼ਟਰਪਤੀ ਮਹਾਮਤ ਇਦਰੀਸ ਡੇਬੀ ਨੇ ਚੀਨ ਵਿਚ ਦੇਸ਼ ਦੇ ਰਾਜਦੂਤ ਅੱਲ੍ਹਾ-ਮਏ ਹਲੀਨਾ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ। ਚਾਡ ਦੇ ਅਖ]ਬਾਰ ਅਲ ਵਿਹਿਦਾ ਨੇ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕਾਰਜਕਾਰੀ ਪ੍ਰਧਾਨ ਮੰਤਰੀ ਉੱਤਰਾਧਿਕਾਰੀ ਮਾਸਰਾ ਨੇ ਐਲਾਨ ਕੀਤਾ ਸੀ ਕਿ ਮਈ ਦੇ ਸ਼ੁਰੂ ਵਿੱਚ ਦੇਸ਼ ਦੀਆਂ ਰਾਸ਼ਟਰਪਤੀ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਰਿਪੋਰਟ ਮੁਤਾਬਕ ਹਲੀਨਾ ਨੂੰ ਜਲਦੀ ਤੋਂ ਜਲਦੀ ਨਵੀਂ ਸਰਕਾਰ ਬਣਾਉਣ ਲਈ ਕਿਹਾ ਗਿਆ ਹੈ। ਹਲੀਨਾ ਨੇ ਚੀਨ ਵਿੱਚ ਰਾਜਦੂਤ ਵਜੋਂ ਨਿਯੁਕਤ ਹੋਣ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਇਦਰੀਸ ਡੇਬੀ ਇਟਨੋ ਦੇ ਅਧੀਨ ਰਾਜ ਪ੍ਰੋਟੋਕੋਲ ਦੇ ਡਾਇਰੈਕਟਰ ਜਨਰਲ ਵਜੋਂ ਕੰਮ ਕੀਤਾ।

# ਭਾਈ ਮਰਦਾਨਾ ਜੀ ਦੀ ਜੀਵਨੀ



## ਭਾਈ ਮਰਦਾਨਾ ਜੀ ਕੌਣ ਹਨ?

ਭਾਈ ਮਰਦਾਨਾਜੀ ਦਾ ਜਨਮ 6 ਫਰਵਰੀ, 1459 ਨੂੰ ਰਾਏ ਭੋਈ ਦੀ ਤਲਵੰਡੀ, (ਜੋ ਹੁਣ ਨਨਕਾਣਾ ਸਾਹਿਬ), ਪਾਕਿਸਤਾਨ ਵਿੱਚ ਇੱਕ ਮੁਸਲਮਾਨ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਇੱਕ ਮਿਰਾਸੀ ਮੁਸਲਮਾਨ ਸਨ ਅਤੇ ਉਹਨਾਂ ਦਾ ਨਾਮ ਭਾਈ ਬਦਰੇ ਅਤੇ ਮਾਤਾ ਦਾ ਨਾਮ ਬੀਬੀ ਲੱਖੋ ਜੀ ਸੀ। ਉਹ ਆਪਣੇ ਮਾਪਿਆਂ ਦਾ ਸੱਤਵਾਂ ਬੱਚਾ ਸੀ, ਹਾਲਾਂਕਿ, ਪਹਿਲੇ ਛੇ ਬੱਚੇ ਜਨਮ ਤੋਂ ਬਾਅਦ ਮਰ ਗਏ ਸਨ।

ਜਨਮ ਤੋਂ ਮਾਤਾ ਪਿਤਾ ਨੇ ਉਨ੍ਹਾਂ ਦਾ ਨਾਮ ਦਾਨਾ ਰੱਖਿਆ ਸੀ। ਕਿਹਾ ਜਾਂਦਾ ਹੈ ਕਿ ਛੇ ਬੱਚਿਆਂ ਦੀ ਮੌਤ ਤੋਂ ਬਾਅਦ ਸੱਤਵੇਂ ਬੱਚੇ ਦੀ ਜ਼ਿੰਦਗੀ ਨੂੰ ਲੈਕੇ ਉਸ ਦੀ ਮਾਂ ਬਹੁਤ ਨਿਰਾਸ਼ ਸੀ। ਜਦੋਂ ਉਹ ਮਦਦ ਲਈ ਗੁਰੂ ਨਾਨਕ ਦੇਵ ਜੀ ਕੋਲ ਆਏ ਤਾਂ ਗੁਰੂ ਜੀ ਨੇ ਉਸਦਾ ਨਾਮ 'ਦਾਨਾ' ਬਦਲ ਕੇ 'ਮਰਦਾਨਾ' ਰੱਖ ਦਿੱਤਾ ਜਿਸਦਾ ਅਰਥ ਹੈ 'ਮਰਦਾ ਨਹੀਂ'।

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਮਿਲੇ?

ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਦੋਵੇਂ ਇੱਕੋ ਪਿੰਡ ਵਿੱਚ ਪੈਦਾ ਹੋਏ ਸਨ। ਭਾਈ ਮਰਦਾਨਾ ਗੁਰੂ ਸਾਹਿਬ ਤੋਂ ਦਸ ਸਾਲ ਵੱਡੇ ਸਨ ਅਤੇ ਬਚਪਨ ਤੋਂ ਹੀ ਗੁਰੂ ਜੀ ਦੇ ਸਾਥੀ ਸਨ। ਕਿਹਾ ਜਾਂਦਾ ਹੈ ਕਿ ਮਰਦਾਨਾ ਜੀ ਕਬੀਰ, ਤ੍ਰਿਲੋਚਨ, ਰਵਿਦਾਸ, ਧੰਨਾ ਅਤੇ ਬੇਣੀ ਦੇ ਲਿਖੇ ਭਜਨ ਗਾਉਂਦੇ ਸਨ।

ਜਦੋਂ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਜਾ ਕੇ ਨਵਾਬ ਦੌਲਤ ਖਾਨ ਲੋਧੀ ਦੇ ਅਨਾਜ ਭੰਡਾਰਾਂ ਦੀ ਜ਼ਿੰਮੇਵਾਰੀ ਸੰਭਾਲਣ ਲੱਗੇ ਤਾਂ ਉਹਨਾਂ ਦੀ ਉਦਾਰਤਾ ਦੀ ਗੱਲਾਂ ਦੂਰ-ਦੂਰ ਤਕ ਫੈਲ ਗਈਆਂ। ਉਦੋਂ ਤੱਕ ਮਰਦਾਨਾ ਦਾ ਵਿਆਹ ਹੋ ਚੁੱਕਾ ਸੀ ਅਤੇ ਉਨ੍ਹਾਂ ਦੇ ਦੋ ਪੁੱਤਰ ਅਤੇ ਇੱਕ ਧੀ ਸੀ। ਉਹ ਸੁਲਤਾਨਪੁਰ ਵਿੱਚ ਗੁਰੂ ਜੀ ਨੂੰ ਮਿਲਣ ਜਾਣਾ ਚਾਹੁੰਦੇ ਸੀ।

ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਫਿਰ ਭਾਈ ਮਰਦਾਨਾ ਜੀ ਨੂੰ ਆਪਣੇ ਪੁੱਤਰ ਦਾ ਹਾਲ-ਚਾਲ ਜਾਣਨ ਲਈ ਸੁਲਤਾਨਪੁਰ ਭੇਜਿਆ। ਭਾਈ ਮਰਦਾਨਾ ਜੀ ਸੁਲਤਾਨਪੁਰ ਚਲੇ ਗਏ, ਪਰ ਉਥੇ ਜਾ ਕੇ ਗੁਰੂ ਜੀ ਕੋਲ ਹੀ ਰਹਿਣ ਲੱਗ ਪਏ ਅਤੇ ਕਦੇ ਵਾਪਿਸ ਨਹੀਂ ਪਰਤੇ। ਉਨ੍ਹਾਂ ਨੂੰ ਸੰਗੀਤ ਦਾ ਬਹੁਤ ਗਿਆਨ ਸੀ ਅਤੇ ਉਹ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦਾ ਗਾਇਨ ਕਰਦੇ ਸਮੇਂ ਰਬਾਬ ਵਜਾਉਂਦੇ ਸਨ। ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਭਰ ਦੇ ਸਾਥੀ ਬਣ ਗਏ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਸੰਦੇਸ਼ ਫੈਲਾਉਣ ਲਈ ਸੰਸਾਰ ਦੀ ਯਾਤਰਾ ਕਰਨ ਦੀ ਯੋਜਨਾ ਬਣਾਈ, ਤਾਂ ਉਹ ਚਾਹੁੰਦੇ ਸਨ ਕਿ ਮਰਦਾਨਾ ਉਨ੍ਹਾਂ ਦੇ ਨਾਲ ਹੋਵੇ। ਉਸ ਸਮੇਂ ਮਰਦਾਨਾ ਆਪਣੀ ਧੀ ਦਾ ਵਿਆਹ ਕਰਨਾ ਚਾਹੁੰਦਾ ਸੀ। ਗੁਰੂ ਨਾਨਕ ਦੇਵ ਜੀ ਦੇ ਇੱਕ ਚੇਲੇ ਭਾਈ ਬਗੀਰਥ ਨੇ ਮਰਦਾਨੇ ਦੀ ਬੇਟੀ ਦੇ ਵਿਆਹ ਨੂੰ ਸਮਰੱਥ ਬਣਾਉਣ ਵਿਚ ਸਹਾਇਤਾ ਕੀਤੀ ਜਿਸ ਤੋਂ ਬਾਅਦ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਨਾਲ ਬਾਣੀ ਦਾ ਪ੍ਰਚਾਰ ਕਰਣ ਲਈ ਦੂਰ-ਦੂਰ ਤੱਕ ਯਾਤਰਾ ਕੀਤੀ।

ਗਿਆਨ ਦੀ ਪ੍ਰਾਪਤੀ: ਭੁਤ ਦੁਆਰਾ ਘਿਰੇ ਹੋਏ ਧਿਆਨ ਦੀ ਸਥਿਤੀ ਵਿੱਚ ਮਹਾਤਮਾ ਬੁੱਧ ਦੇ ਪਹਿਲੇ ਗੁਰੂ ਅਲਾਰ ਕਲਾਮ ਸਨ, ਜਿਨ੍ਹਾਂ ਤੋਂ ਉਨ੍ਹਾਂ ਨੇ ਆਪਣੇ ਸੰਨਿਆਸ ਸਮੇਂ ਵਿੱਚ ਸਿੱਖਿਆ ਪ੍ਰਾਪਤ ਕੀਤੀ ਸੀ। 35 ਸਾਲ ਦੀ ਉਮਰ ਵਿੱਚ, ਵੈਸਾਖੀ ਪੂਰਨਿਮਾ ਦੇ ਦਿਨ, ਸਿਧਾਰਥ ਪੀਪਲ ਦੇ ਰੁੱਖ ਦੇ ਹੇਠਾਂ ਧਿਆਨ ਕਰ ਰਹੇ ਸਨ। ਬੁੱਧ ਨੇ ਬੋਧ ਗਯਾ ਵਿੱਚ ਨਿਰੰਜਨਾ ਨਦੀ ਦੇ ਕੰਢੇ ਸਖ਼ਤ ਤਪੱਸਿਆ ਕੀਤੀ ਅਤੇ ਸੁਜਾਤਾ ਨਾਮ ਦੀ ਲੜਕੀ ਦੇ ਹੱਥੋਂ ਖੀਰ ਖਾ ਕੇ ਵਰਤ ਤੋੜਿਆ। ਨੇੜਲੇ ਪਿੰਡ ਦੀ ਇੱਕ ਔਰਤ ਸੁਜਾਤਾ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਉਹ ਆਪਣੇ ਪੁੱਤਰ ਲਈ ਪੀਪਲ ਦੇ ਦਰੱਖਤ ਦੀ ਸੁੱਖਣਾ ਪੂਰੀ ਕਰਨ ਲਈ ਗਾਂ ਦੇ ਦੁੱਧ ਨਾਲ ਭਰੀ ਇੱਕ ਸੋਨੇ ਦੀ ਥਾਲੀ ਲੈ ਕੇ ਪਹੁੰਚੀ। ਸਿਧਾਰਥ ਉੱਥੇ ਬੈਠਾ ਧਿਆਨ ਕਰ ਰਿਹਾ ਸੀ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਰੁੱਖ ਦੇਵਤਾ ਆਪ ਉਸ ਦੇ ਸਰੀਰ ਵਿਚ ਪੂਜਾ ਪ੍ਰਾਪਤ ਕਰਨ ਲਈ ਬੈਠਾ ਹੋਵੇ। ਸੁਜਾਤਾ ਨੇ ਬੜੇ ਆਦਰ ਨਾਲ ਸਿਧਾਰਥ ਨੂੰ ਖੀਰ ਭੇਂਟ ਕੀਤੀ ਅਤੇ ਕਿਹਾ - 'ਜਿਵੇਂ ਮੇਰੀ ਇੱਛਾ ਪੂਰੀ ਹੋਈ ਹੈ, ਉਸੇ ਤਰ੍ਹਾਂ ਤੁਹਾਡੀ ਵੀ ਪੂਰੀ ਹੋਣੀ ਚਾਹੀਦੀ ਹੈ।' ਉਸ ਨੂੰ ਸੱਚਾ ਅਹਿਸਾਸ ਹੋ ਗਿਆ। ਉਦੋਂ ਤੋਂ ਹੀ ਸਿਧਾਰਥ ਨੂੰ 'ਬੁੱਧ' ਕਿਹਾ ਜਾਣ ਲੱਗਾ। ਪੀਪਲ ਦੇ ਦਰੱਖਤ ਜਿਸ ਦੇ ਹੇਠਾਂ ਸਿਧਾਰਥ ਨੇ ਗਿਆਨ ਪ੍ਰਾਪਤ ਕੀਤਾ ਸੀ, ਉਸ ਨੂੰ ਬੋਧੀ ਰੁੱਖ ਕਿਹਾ ਜਾਂਦਾ ਸੀ ਅਤੇ ਗਯਾ ਦੇ ਨੇੜੇ ਦਾ ਸਥਾਨ ਬੋਧਗਯਾ ਸੀ, ਜੋ ਕਿ ਧਰਮ-ਚੱਕਰ-ਪ੍ਰਵਾਣ ਮਹਾਪਰਿਨਿਰਵਾਣ ਬੁੱਧ ਦੇ ਪਰਿਨਿਰਵਾਣ ਵਿੱਚ ਪ੍ਰਵੇਸ਼ ਕਰਦਾ ਸੀ, ਪਾਲੀ ਕੈਨਨ ਦੇ ਮਹਾਪਰਿਨਿਰਵਾਣ ਸੂਤ ਦੇ ਅਨੁਸਾਰ, 80 ਸਾਲ ਦੀ ਉਮਰ ਵਿੱਚ, ਬੁੱਧ ਨੇ ਘੋਸ਼ਣਾ ਕੀਤੀ ਸੀ ਕਿ ਉਹ ਲਈ ਰਵਾਨਾ ਹੋ ਜਾਵੇਗਾ। ਬੁੱਧ ਨੇ ਆਪਣਾ ਆਖਰੀ ਭੋਜਨ ਖਾ ਲਿਆ, ਜੋ ਕਿ ਉਸਨੂੰ ਕੁੰਡਾ ਨਾਮ ਦੇ ਇੱਕ ਲੁਹਾਰ ਤੋਂ ਤੋਹਫ਼ੇ ਵਜੋਂ ਮਿਲਿਆ ਸੀ, ਜਿਸ ਕਾਰਨ ਉਹ ਗੰਭੀਰ ਰੂਪ ਵਿੱਚ ਬਿਮਾਰ ਹੋ ਗਿਆ। ਬੁੱਧ ਨੇ ਆਪਣੇ ਚੇਲੇ ਆਨੰਦ ਨੂੰ ਕੁੰਡਾ ਨੂੰ ਯਕੀਨ ਦਿਵਾਉਣ ਲਈ ਕਿਹਾ ਕਿ ਉਸਨੇ ਕੋਈ ਗਲਤੀ ਨਹੀਂ ਕੀਤੀ ਹੈ। ਉਸਨੇ ਕਿਹਾ ਕਿ ਇਹ ਭੋਜਨ ਸ਼ਾਨਦਾਰ ਹੈ। ਉਪਦੇਸ਼: ਭਗਵਾਨ ਬੁੱਧ ਨੇ ਲੋਕਾਂ ਨੂੰ ਮੱਧ ਮਾਰਗ ਦਾ ਉਪਦੇਸ਼ ਦਿੱਤਾ। ਉਸਨੇ ਦੁੱਖ, ਇਸ ਦੇ ਕਾਰਨਾਂ ਅਤੇ ਇਸ ਤੋਂ ਰਾਹਤ ਲਈ ਅੱਠਪੱਧਰੀ ਮਾਰਗ ਦਾ ਸੁਝਾਅ ਦਿੱਤਾ। ਉਨ੍ਹਾਂ ਨੇ ਅਹਿੰਸਾ ਉੱਤੇ ਬਹੁਤ ਜ਼ੋਰ ਦਿੱਤਾ ਹੈ। ਉਨ੍ਹਾਂ ਯੱਗ ਅਤੇ ਪਸ਼ੂ ਬਲੀ ਦੀ ਨਿੰਦਾ ਕੀਤੀ। ਬੁੱਧ ਦੀਆਂ ਸਿੱਖਿਆਵਾਂ ਦਾ ਨਿਚੋੜ ਇਸ ਪ੍ਰਕਾਰ ਹੈ- ਮਹਾਤਮਾ ਬੁੱਧ ਨੇ ਸਨਾਤਨ ਧਰਮ ਦੀਆਂ ਕੁਝ ਧਾਰਨਾਵਾਂ ਦਾ ਪ੍ਰਚਾਰ ਕੀਤਾ, ਜਿਵੇਂ ਕਿ ਅਗਨੀਹੋਤਰਾ ਅਤੇ ਗਾਇਤਰੀ ਮੰਤਰ ਧਿਆਨ ਅਤੇ ਸੂਝ, ਮੱਧ ਮਾਰਗ, ਚਾਰ ਨੇਕ ਸੱਚਾਈਆਂ, ਅੱਠ ਗੁਣਾ ਮਾਰਗ।

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਸਾਥੀ ਕਿਉਂ ਬਣੇ?

ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਪਹਿਲਾ ਅਤੇ ਸਭ ਤੋਂ ਲੰਬਾ ਸਾਥੀ ਮੰਨਿਆ ਜਾਂਦਾ ਹੈ। ਉਹ ਮੁਸਲਿਮ ਸੰਗੀਤਕਾਰਾਂ ਦੇ ਇੱਕ ਪਰਿਵਾਰ ਵਿੱਚ ਪੈਦਾ ਹੋਏ ਸੀ ਅਤੇ ਉਹ ਰਬਾਬ ਵਜਾਉਣ ਵਿੱਚ ਮਾਹਰ ਸੀ, ਜੋ ਮੱਧਕਾਲੀ ਭਾਰਤ ਵਿੱਚ ਪ੍ਰਸਿੱਧ ਇੱਕ ਤਾਰਾਂ ਵਾਲਾ ਸਾਜ਼ ਸੀ।

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਇੰਨੇ ਮਹੱਤਵਪੂਰਨ ਸਾਥੀ ਹੋਣ ਦਾ ਇੱਕ ਕਾਰਨ ਇਹ ਸੀ ਕਿ ਉਹ ਗੁਰੂ ਨਾਨਕ ਦੇਵ ਜੀ ਨਾਲ ਉਨ੍ਹਾਂ ਦੀਆਂ ਸਾਰੀਆਂ ਅਧਿਆਤਮਿਕ ਯਾਤਰਾਵਾਂ ਵਿੱਚ ਉਨ੍ਹਾਂ ਦੇ ਨਾਲ ਸਨ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਨਾਲ ਭਾਈਚਾਰਕ ਏਕਤਾ, ਸ਼ਾਂਤੀ, ਸੱਚ ਦੇ ਸੰਦੇਸ਼ ਅਤੇ ਪ੍ਰਮਾਤਮਾ ਦੀ ਬਾਣੀ ਨੂੰ ਦੁਨੀਆਂ ਨਾਲ ਸਾਂਝਾ ਕਰਨ ਵਿੱਚ ਮਦਦ ਕੀਤੀ। ਆਪਣੀਆਂ ਸੰਗੀਤਕ ਪ੍ਰਤਿਭਾਵਾਂ ਨਾਲ, ਭਾਈ ਮਰਦਾਨਾ ਅਕਸਰ ਭਗਤੀ ਗੀਤ ਵਜਾਉਂਦੇ ਸਨ।

ਭਾਈ ਮਰਦਾਨਾ ਨੇ ਆਪਣੇ ਜੀਵਨ ਦੇ 54 ਸਾਲ ਗੁਰੂ ਨਾਨਕ ਦੇਵ ਜੀ ਨਾਲ ਬਿਤਾਏ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਗੁਰਬਾਣੀ ਸੁਣੀ। ਇੱਕ ਪ੍ਰਤਿਭਾਸ਼ਾਲੀ ਸੰਗੀਤਕਾਰ ਹੋਣ ਦੇ ਨਾਲ, ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਇੱਕ ਮਹਾਨ ਮਿੱਤਰ ਅਤੇ ਵਿਸ਼ਵਾਸੀ ਵੀ ਸਨ।

ਭਾਈ ਮਰਦਾਨਾ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੀਤਾ?

ਜਨਮ ਸਾਖੀ ਕਈ 'ਸਾਖੀਆਂ' ਬਾਰੇ ਦੱਸਦੀ ਹੈ ਜਿੱਥੇ ਭਾਈ ਮਰਦਾਨਾ ਜੀ ਅਤੇ ਗੁਰੂ ਨਾਨਕ ਦੇਵ ਜੀ ਨੇ ਇਕੱਠੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ। ਉਨ੍ਹਾਂ ਦੇ ਜੀਵਨ ਦੀਆਂ ਕਈ ਕਹਾਣੀਆਂ ਦੱਸਦੀਆਂ ਹਨ ਕਿ ਉਨ੍ਹਾਂ ਨੂੰ ਆਪਣੀ ਚਾਰ ਉਦਾਸੀਆਂ ਦੌਰਾਨ ਕਿੰਨੀਆਂ ਕਠਿਨਾਈਆਂ ਵਿੱਚੋਂ ਗੁਜ਼ਰਨਾ ਪਿਆ।

ਕਈ ਵਾਰ ਬਿਨਾਂ ਭੋਜਨ ਦੇ ਦਿਨ ਗੁਜ਼ਾਰਦੇ ਹੋਏ, ਭਾਰਤ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਪੈਦਲ ਯਾਤਰਾ ਕਰਦੇ, ਅਤੇ ਕਦੇ ਭਾਈ ਮਰਦਾਨਾ ਜੀ ਨੂੰ ਭਿਆਨਕ ਡਰ ਜਾਂ ਨਿਰਾਸ਼ਾ ਦਾ ਸਾਹਮਣਾ ਕਰਨਾ ਪੈਂਦਾ। ਪਰ ਭਾਈ ਮਰਦਾਨਾ ਜੀ ਨੇ ਆਪਣਾ ਨਿਰਸਵਾਰਥ ਅਤੇ ਨਿਮਾਣਾ ਜੀਵਨ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਕਰ ਦਿੱਤਾ।

ਭਾਈ ਮਰਦਾਨਾ ਜੀ ਨੇ ਇੱਕ ਨਜ਼ਦੀਕੀ ਮਿੱਤਰ ਅਤੇ ਸਾਥੀ ਹੋਣ ਦੇ ਨਾਲ-ਨਾਲ ਸਿੱਖ ਧਰਮ ਦੇ ਵਿਕਾਸ ਵਿੱਚ ਹੋਰ ਤਰੀਕਿਆਂ ਨਾਲ ਵੀ ਯੋਗਦਾਨ ਪਾਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਈ ਸ਼ਬਦਾਂ ਦੀ ਵੀ ਰਚਨਾ ਕੀਤੀ। ਭਾਈ ਮਰਦਾਨਾ ਜੀ ਦਾ ਸਿੱਖ ਧਰਮ ਵਿੱਚ ਬੇਅੰਤ ਯੋਗਦਾਨ ਹੈ ਅਤੇ ਉਨ੍ਹਾਂ ਨੂੰ ਇਸ ਧਰਮ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਸ਼ਖਸੀਅਤਾਂ ਵਿੱਚੋਂ ਇੱਕ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਜੋਤੀ–ਜੋਤਿ ਸਮਾਉਣਾ–

ਉਨ੍ਹਾਂ ਦੀ ਜੋਤੀ-ਜੋਤਿ ਦੇ ਪ੍ਰਕਾਸ਼ ਦੇ ਵੱਖ-ਵੱਖ ਸੰਸਕਰਣ ਹਨ, ਪਰ ਕਿਹਾ ਜਾਂਦਾ ਹੈ ਕਿ 1534 ਵਿਚ ਭਾਈ ਮਰਦਾਨਾ ਜੀ ਬਿਮਾਰ ਹੋ ਗਏ ਅਤੇ ਕਰਤਾਰਪੁਰ ਵਿਖੇ ਅਕਾਲ ਚਲਾਣਾ ਕਰ ਗਏ। ਗੁਰੂ ਜੀ ਨੇ ਆਪਣੇ "ਗੁਰੂ ਮੁਰਾਦ" (ਭਾਈ ਮਰਦਾਨਾ ਜੀ) ਦਾ ਅੰਤਿਮ ਸੰਸਕਾਰ ਬੜੇ ਭਾਰੀ ਹਿਰਦੇ ਨਾਲ ਕੀਤਾ ਅਤੇ ਰਾਵੀ ਦਰਿਆ ਵਿੱਚ ਅਸਥੀਆਂ ਪਾ ਦਿੱਤੀਆਂ। ਗੁਰੂ ਜੀ ਨੇ ਭਾਈ ਮਰਦਾਨੇ ਦੀ ਯਾਦ ਵਿੱਚ ਇੱਕ ਸਮਾਰਕ ਵੀ ਬਣਵਾਇਆ।

ਅੰਤਮ ਸ਼ਬਦ–

ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀ ਮੌਜੂਦਗੀ ਤੋਂ ਲਾਭ ਪ੍ਰਾਪਤ ਕਰਨ ਵਾਲੀ ਸਭ ਤੋਂ ਭਾਗਸ਼ਾਲੀ ਰੂਹ ਸਨ, ਅਤੇ ਉਨ੍ਹਾਂ ਦੇ ਦੋਸਤ ਅਤੇ ਸਾਥੀ ਵਜੋਂ, ਉਨ੍ਹਾਂ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਦੁਨੀਆ ਭਰ ਵਿੱਚ ਫੈਲਾਉਣ ਵਿੱਚ ਸਹਾਇਤਾ ਕੀਤੀ।

ਭਾਈ ਮਰਦਾਨਾ ਜੀ ਦਾ ਜੀਵਨ ਸਾਡੇ ਸਾਰਿਆਂ ਲਈ ਇੱਕ ਮਹਾਨ ਪ੍ਰੇਰਨਾ ਸਰੋਤ ਹੈ ਅਤੇ ਸਾਨੂੰ ਸਿੱਖ ਧਰਮ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਉਨ੍ਹਾਂ ਦੀ ਜੀਵਨੀ ਬਾਰੇ ਦੱਸਣਾ ਚਾਹੀਦਾ ਹੈ।